Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post



TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com



Vol 18 *Issue 175 | Thursday, September 12, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਹੜਤਾਲ ਬਾਰੇ ਫੈਸਲਾ ਲੈਣ ਲਈ ਓਨਟਾਰੀਓ ਐਲੀਮੈਂਟਰੀ ਸਕੂਲ ਟੀਚਰਜ਼ ਯੂਨੀਅਨ ਕਰਾਵੇਗੀ ਵੋਟ

ਓਨਟਾਰੀਓ, 11 ਸਤੰਬਰ (ਪੋਸਟ ਬਿਊਰੋ) : ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਓਨਟਾਰੀਓ ਦਾ ਕਹਿਣਾ ਹੈ ਕਿ ਅਗਲੇ ਦੋ ਮਹੀਨਿਆਂ ਵਿੱਚ ਉਹ ਆਪਣੇ 83000 ਮੈਂਬਰਾਂ ਨਾਲ ਮੀਟਿੰਗਾਂ ਕਰਕੇ ਹੜਤਾਲ ਸਬੰਧੀ ਵੋਟ ਕਰਨਗੇ।



ਬੁੱਧਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਯੂਨੀਅਨ ਦੇ ਪ੍ਰਧਾਨ ਸੈਮ ਹੈਮੰਡ ਨੇ ਆਖਿਆ ਕਿ ਸਤੰਬਰ ਦੇ ਅੰਤ ਵਿੱਚ ਤੇ ਅਕਤੂਬਰ ਵਿੱਚ 76 ਲੋਕਲਜ਼ ਨਾਲ ਮਾਸ ਮੀਟਿੰਗਾਂ ਕੀਤੀਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਇਨ੍ਹਾਂ ਮੀਟਿੰਗਾਂ ਵਿੱਚ ਮੈਂਬਰਾਂ ਤੋਂ ਈਟੀਐਫਓ ਬਾਰਗੇਨਿੰਗ ਪ੍ਰਾਇਰਟੀਜ਼ ਲਈ ਸਮਰਥਨ ਮੰਗਿਆ ਜਾਵੇਗਾ। ਇਨ੍ਹਾਂ ਵਿੱਚ ਸਪੈਸ਼ਲ ਲੋੜਾਂ ਵਾਲੇ ਵਿਦਿਆਰਥੀਆਂ ਲਈ ਵਧੇਰੇ ਸਮਰਥਨ, ਕਲਾਸ ਸਾਈਜ਼ ਤੇ ਕਲਾਸ ਦੇ ਸਟ੍ਰਕਚਰ, ਫੁੱਲ ਡੇਅ ਕਿੰਡਰਗਾਰਟਨ ਤੋਂ ਇਲਾਵਾ ਨੌਕਰੀਆਂ ਦੇਣ ਲਈ ਜਾਇਜ਼ ਤੇ ਪਾਰਦਰਸ਼ੀ ਰੁਝਾਨ ਅਪਨਾਉਣ ਦੀ ਮੰਗ ਕੀਤੀ ਜਾਵੇਗੀ।

ਈਟੀਐਫਓ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਟੀਚਾ ਹੜਤਾਲ ਤੋਂ ਬਿਨਾਂ ਹੀ ਡੀਲ ਤੱਕ ਪਹੁੰਚਣਾ ਹੈ। ...ਬਾਕੀ ਪੰਨਾ 6 'ਤੇ

## 42ਵੀਂ ਪਾਰਲੀਆਮੈਂਟ ਭੰਗ, ਚੋਣ ਮੁਹਿੰਮ ਲਈ ਰਾਹ ਹੋਇਆ ਪੱਧਰਾ

ਓਟਵਾ, 11 ਸਤੰਬਰ (ਪੋਸਟ ਬਿਊਰੋ) : ਜਸਟਿਨ ਟਰੂਡੋ ਵੱਲੋਂ 2019 ਦੀਆਂ ਫੈਡਰਲ ਚੋਣ ਕੈਂਪੇਨ ਲਈ ਬਿਗਲ ਵਜਾ ਦਿੱਤਾ ਗਿਆ ਹੈ। ਟਰੂਡੋ ਵੱਲੋਂ ਵੀ ਇੱਕ ਵਾਰੀ ਫਿਰ ਆਪਣੀ ਦਾਅਵੇਦਾਰੀ ਪੇਸ਼ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦੇ ਵਿਰੋਧੀਆਂ ਨੇ ਵੀ ਅਗਲੇ 40 ਦਿਨਾਂ ਲਈ ਨਿੱਠ ਕੇ ਆਪਣੀ ਕੈਂਪੇਨ ਚਲਾਉਣ ਵਾਸਤੇ ਕਮਰ ਕੱਸ ਲਈ ਹੈ।



ਬੁੱਧਵਾਰ ਸਵੇਰੇ ਟਰੂਡੋ ਵੱਲੋਂ ਗਵਰਨਰ ਜਨਰਲ ਜੂਲੀ ਪੇਯੇਟੇ ਨਾਲ ਮੁਲਾਕਾਤ ਕਰਕੇ 42ਵੀਂ ਪਾਰਲੀਆਮੈਂਟ ਭੰਗ ਕਰਨ ਦੀ ਗੁਜ਼ਾਰਿਸ਼ ਕੀਤੀ ਗਈ ਜਿਸ ਨੂੰ ਗਰਵਰਨ ਜਨਰਲ ਨੇ ਸਵੀਕਾਰ ਕਰ ਲਿਆ। ਇਸ ਦੇ ਨਾਲ ਹੀ 43ਵੀਂ ਫੈਡਰਲ ਦੌੜ ਲਈ ਰਾਹ ਪੱਧਰਾ ਹੋ ਗਿਆ। ਹੁਣ ਕੈਨੇਡਾ ਦੇ 338 ਹਲਕਿਆਂ ਵਿੱਚ ਵੋਟਰ ਆਪਣੇ ਨੁਮਾਇੰਦਿਆਂ ਦੀ ਚੋਣ ਕਰਨਗੇ। 21 ਅਕਤੂਬਰ ਨੂੰ ਪੈਣ ਵਾਲੀਆਂ ਵੋਟਾਂ ਲਈ ਸਾਰੀਆਂ ਪਾਰਟੀਆਂ ਦੇ ਆਗੂ ਦੇਸ਼ ਭਰ ਵਿੱਚ ਖੁਦ ਲਈ ਤੇ ਆਪਣੀ ਪਾਰਟੀ ਦੇ ਨੁਮਾਇੰਦਿਆਂ ਲਈ ਆਧਾਰ ਮਜ਼ਬੂਤ ਕਰਨਗੇ ਅਤੇ ਇਸ ਦੇ ਨਾਲ ਹੀ ਕੈਨੇਡੀਅਨਾਂ ਨੂੰ ਆਪਣੇ ਪਲੇਟਫਾਰਮਜ਼ ਤੋਂ ਜਾਣੂ ਕਰਵਾਉਣਗੇ।

ਰਿਡਿਊ ਹਾਲ ਦੇ ਬਾਹਰ ਲਿਬਰਲ ਸਮਰਥਕਾਂ ਦੀ ਹਾਜ਼ਰੀ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਇਹ ਭੂਮਿਕਾ ਬੰਨ੍ਹੀ ਕਿ ਇਹ ਚੋਣਾਂ ਦੌਰਾਨ ਅਸਲ ਮੁੱਦਾ ਕੀ ਰਹੇਗਾ। ਇਸ ਤੋਂ ਬਾਅਦ ਹੋਰਨਾਂ ਪਾਰਟੀਆਂ ਦੇ ਆਗੂਆਂ ਨੇ ਵੀ ਆਪੋ ਆਪਣੇ ਪੱਖ ਰੱਖੇ। ਦੇਸ਼ ਭਰ ਦੀਆਂ ਚੋਣਵੀਆਂ ਥਾਂਵਾਂ ਤੋਂ ਹੋਰਨਾਂ ਫੈਡਰਲ ਆਗੂਆਂ ਨੇ ਆਪਣੀ ਚੋਣ ਕੈਂਪੇਨ ਸਬੰਧੀ ਸੁਨੇਹੇ ਦੇਣੇ ਸ਼ੁਰੂ ਕਰ ਦਿੱਤੇ ਹਨ।

...ਬਾਕੀ ਪੰਨਾ 6 'ਤੇ

## ਬ੍ਰੇਕ ਦੀ ਸਮੱਸਿਆ ਠੀਕ ਕਰਨ ਲਈ ਜੀਐਮ ਵਾਪਿਸ ਮੰਗਾਵੇਗੀ 3.4 ਮਿਲੀਅਨ ਪਿੱਕ ਅੱਪ ਟਰੱਕਜ਼ ਤੇ ਐਸਯੂਵੀਜ਼

ਡਿਟਰੌਇਟ, 11 ਸਤੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਦੇ ਦਬਾਅ ਹੇਠ ਜਨਰਲ ਮੋਟਰਜ਼ ਵੱਲੋਂ ਅਮਰੀਕਾ ਤੇ ਕੈਨੇਡਾ ਭਰ ਤੋਂ 3.8 ਮਿਲੀਅਨ ਪਿੱਕ ਅੱਪ ਟਰੱਕਜ਼ ਅਤੇ ਐਸਯੂਵੀਜ਼ ਨੂੰ ਬ੍ਰੇਕ ਦੀ ਸਮੱਸਿਆ ਠੀਕ ਕਰਨ ਲਈ ਵਾਪਿਸ ਮੰਗਵਾਇਆ ਜਾ ਰਿਹਾ ਹੈ।

ਜੀਐਮ ਅਨੁਸਾਰ ਬ੍ਰੇਕ ਦੀ ਇਸ ਦਿੱਕਤ ਕਾਰਨ ਹਾਦਸਿਆਂ ਦੀਆਂ 113 ਰਿਪੋਰਟਾਂ ਮਿਲ ਚੁੱਕੀਆਂ ਹਨ ਤੇ ਇਸ ਤੋਂ ਇਲਾਵਾ ਇਨ੍ਹਾਂ ਹਾਦਸਿਆਂ ਕਾਰਨ ਹੁਣ ਤੱਕ 13 ਵਿਅਕਤੀ ਜ਼ਖ਼ਮੀ ਹੋਏ ਹਨ। ਵਾਪਿਸ ਮੰਗਵਾਈਆਂ ਜਾਣ ਵਾਲੀਆਂ ਗੱਡੀਆਂ ਵਿੱਚ 2014 ਤੋਂ 2018 ਤੱਕ ਦੇ ਮਾਡਲ ਵਾਲੇ ਸ਼ੈਵਰਲੇ ਸਿਲਵਰਡੋ, ਜੀਐਮਸੀ ਸਿਏਰਾ 1500, 2500 ਤੇ ਪਿਕਅੱਪ ਟਰੱਕ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ 2015 ਤੋਂ 2017 ਦੇ ਮਾਡਲ ਵਾਲੀਆਂ ਕੈਡੀਲੈਕ ਐਸਕਾਲੇਡ ਦੇ ਨਾਲ ਨਾਲ 2015 ਤੋਂ 2018 ਦੇ ਮਾਡਲ ਵਾਲੀਆਂ ਜੀਐਮਸੀ ਯੂਕੌਨ, ਸ਼ੈਵੀ ਸਬਅਰਬਨ ਤੇ ਤਹੋਏ ਗੱਡੀਆਂ ਵੀ ਸ਼ਾਮਲ ਹਨ।



ਜੀਐਮ ਨੇ ਦੱਸਿਆ ਕਿ ਗੱਡੀ ਪੁਰਾਣੀ ਹੋਣ ਨਾਲ ਪਾਵਰ ਵਾਲੀਆਂ ਬ੍ਰੇਕਾਂ ਵਿਚਲਾ ਪੰਪ ਲੋੜ ਦੇ ਹਿਸਾਬ ਨਾਲ ਘੱਟ ਵੈਕਿਊਮ ਪਾਵਰ ਦੇਣ ਲੱਗਦਾ ਹੈ ਜਿਸ ਨਾਲ ਗੱਡੀ ਨੂੰ ਰੁਕਣ ਵਿੱਚ ਦੇਰ ਲੱਗਦੀ ਹੈ ਤੇ ਗੱਡੀ ਨਾਲ ਹਾਦਸਾ ਵਾਪਰਨ ਦਾ ਖਤਰਾ ਵੱਧ ਜਾਂਦਾ ਹੈ। ਕੰਪਨੀ ਅਮਰੀਕਾ ਤੋਂ 3.46 ਮਿਲੀਅਨ ਗੱਡੀਆਂ ਵਾਪਿਸ ਮੰਗਵਾ ਰਹੀ ਹੈ ਤੇ 310,000 ਗੱਡੀਆਂ ਜੂਨ ਵਿੱਚ ਹੀ ਕੈਨੇਡਾ ਤੋਂ ਵਾਪਿਸ ਮੰਗਵਾਈਆਂ ਜਾ ਚੁੱਕੀਆਂ ਹਨ। ਜੀਐਮ ਨੇ ਆਖਿਆ ਕਿ ਦੁਨੀਆ ਭਰ ਵਿੱਚੋਂ ਕਿੰਨੀਆਂ ਗੱਡੀਆਂ ਵਾਪਿਸ ਮੰਗਵਾਈਆਂ ਗਈਆਂ ਉਨ੍ਹਾਂ ਦੇ ਅੰਕੜੇ ਹਾਲ ਦੀ ਘੜੀ ਉਪਲਬਧ ਨਹੀਂ ਹਨ।

ਇਸ ਤੋਂ ਇਲਾਵਾ ਜੀਐਮ ਵੱਲੋਂ 2018 ਮਾਡਲ ਦੀਆਂ 177,000 ਸ਼ੈਵਰਲੇ ਮਲੀਬੂ ਵੀ ਵਾਪਿਸ ਮੰਗਵਾਈਆਂ ਜਾ ਰਹੀਆਂ ਹਨ ਕਿਉਂਕਿ ਇਨ੍ਹਾਂ ਦੇ ਫਿਊਲ ਇੰਜੈਕਟਰਜ਼ ਵਿੱਚ ਕਦੇ ਵੀ ਨੁਕਸ ਪੈ ਸਕਦਾ ਹੈ। ਇਸ ਸਮੱਸਿਆ ਦੇ ਹੱਲ ਲਈ ਜੀਐਮ ਇਸ ਮਹੀਨੇ ਗੱਡੀਆਂ ਦੇ ਮਾਲਕਾਂ ਨੂੰ ਜਾਣੂ ਕਰਾਵੇਗੀ। ਡੀਲਰਜ਼ ਇਸ ਸਮੱਸਿਆ ਨੂੰ ਦੂਰ ਕਰਨ ਲਈ ਇੰਜਣ ਕੰਟਰੋਲ ਕੰਪਿਊਟਰ ਨੂੰ ਰੀਪ੍ਰੋਗਰਾਮ ਕਰਨਗੇ।


Best Insurance Rates
-Auto -Home -Business
Dir: 647-400-2949
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home • Auto • Business • Trucking • Life Insurance • Commercial
647-206-2452
Sukhwinder K Singh
CONNEX 7050A Bramalea Rd. Unit # 13, Mississauga, ON L5S 1T1

INSURANCE
Auto | Home | Business | Trucking | Life
ARMOUR
Best rates & Best Coverage
RAJESH SOOD (RAJ) CAIB (hons.), MBA (finance), RIBO
ਵਧੀਆ ਇੰਸ਼ੋਰੈਂਸ ਰੇਟਾਂ ਲਈ ਸੰਪਰਕ ਨੰਬਰ: 416-908-6237
Unit 1, 30 Topflight dr., Mississauga

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਫਿਕਰ ਹੈ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
Squire Ellis Dr
Countryside Dr

APEX
CONCRETE & LANDSCAPE
RESIDENTIAL & COMMERCIAL
Add Value to your Home by Offering Beautiful High Quality Landscaping and Concrete Work at an Affordable Prize
FREE ESTIMATE
Limited Life Time Warranty
• STAMP CONCRETE • PLAIN CONCRETE • STEPS/SIDE ENTRANCE
• INTERLOCK • LAND SCAPE • SODING
• DRIVEWAY • SIDEWALK • PATIO
647-575-6102
Email: apexconstruc16@gmail.com
Laddi

You can
Place Your Business Here
To Reach Wider Audience
For more info Call 905-793-2202 or e-mail ads@punjabipost.ca

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

RPC
Royal Pizza & Curry Hut
11am - 11pm | 7 Days a Week
184 Main Street South,
Unit D., Brampton
$8.97 +Tax
X-Large (16") Fully Loaded Pizza *With 5 Toppings (Any)
WE SPECIALIZE IN VEGAN FOOD
UNDER $10 CURRIES WITH FREE NAAN
LOTS TO CHOOSE FROM
905-450-2777
647-906-3295
Kotakpura Aata Chicken
Get $5 Off with Special Coupon from PunjabiPost
Was $25 NOW $20

You can
Place Your Business Here
To Reach Wider Audience
For more info Call 905-793-2202 or e-mail ads@punjabipost.ca

Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਸੰਤਾ ਸਿੰਘਾ ਬਈ ਜ਼ਰਾ ਕੁਝ ਸੋਚ ਮਿੱਤਰ,
ਮੁੜ ਕੇ ਮੁਲਕ ਅੰਦਰ ਮੰਦਾ ਆਈ ਜਾਂਦਾ।
ਮੁਖੀਆ ਮੁਲਕ ਦਾ ਗਾਂਵਾਂ ਦੀ ਗੱਲ ਕਰਦਾ,
ਆਦਮੀ ਆਮ ਦੇ ਫਿਕਰ ਟਰਕਾਈ ਜਾਂਦਾ।
ਪਹਿਲੇ ਵਾਅਦਿਆਂ ਦੀ ਚਿੰਤਾ ਕਰੇ ਨਾਹੀਂ,
ਸੁਫਨਾ ਨਵਾਂ ਪਿਆ ਨਿੱਤ ਦਿਖਾਈ ਜਾਂਦਾ।
ਭੁੱਖਿਆਂ ਢਿੱਡੋਂ ਡਕਾਰ ਵੀ ਨਿਕਲਦਾ ਨਹੀਂ,
ਫਿਰ ਵੀ ਤਾੜੀਆਂ ਪਿਆ ਮਰਵਾਈ ਜਾਂਦਾ।
ਪਹਿਲੀ ਵਾਰੀ ਤਜਰਬਾ ਇਹ ਗਿਆ ਕੀਤਾ,
ਛਤਰੀ ਧਰਮ ਦੀ ਆਉਂਦੀ ਹੈ ਰਾਸ ਕਿੱਦਾਂ।
ਧੱਕਿਆ ਪਿੱਛੇ ਵਿਗਿਆਨ ਵੀ ਜਾਏ ਕਿੱਦਾਂ,
ਕੁਤਰਿਆ ਜਾਂਦਾ ਹੈ ਨਾਲੇ ਇਤਹਾਸ ਕਿੱਦਾਂ।

ਤੀਸ ਮਾਰ ਖਾਂ

# ਕੈਂਟਰਬਰੀ ਦੇ ਆਰਕਬਿਸ਼ਪ ਨੇ ਜੱਲ੍ਹਿਆਂਵਾਲਾ ਬਾਗ ਦੇ ਕਾਂਡ ਨੂੰ ਪਾਪ ਆਖਿਆ

ਅੰਮ੍ਰਿਤਸਰ, 11 ਸਤੰਬਰ (ਪੋਸਟ ਬਿਊਰੋ)- ਐਂਗਲੀਕਨ ਚਰਚ ਦੇ ਮੁਖੀ ਆਰਕਬਿਸ਼ਪ ਆਫ ਕੈਂਟਰਬਰੀ ਜਸਟਿਨ ਪੋਰਟਲ ਵੈਲਬੀ ਨੇ ਕੱਲ੍ਹ ਇਤਿਹਾਸਕ ਜੱਲ੍ਹਿਆਂਵਾਲਾ ਬਾਗ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰ ਕੇ ਸੌ ਸਾਲ ਪਹਿਲਾਂ ਇਥੇ ਵਾਪਰੇ ਸਾਕੇ ਨੂੰ 'ਪਾਪ' ਆਖਿਆ ਅਤੇ ਇਸ ਲਈ ਦੁੱਖ ਤੇ ਸ਼ਰਮਿੰਦਗੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਸ਼ਹੀਦੀ ਸਮਾਰਕ ਵਿਖੇ ਦੰਡਵਤ ਹੋ ਕੇ (ਲੇਟ ਕੇ) ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਪੀੜਤ ਪਰਵਾਰਾਂ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕੀਤੀ। ਸ਼ਹੀਦੀ ਸਮਾਰਕ ਵਿਖੇ ਫੁੱਲ ਮਾਲਾ ਭੇਟ ਕਰਦਿਆਂ ਉਨ੍ਹਾਂ ਨੇ ਸੌ ਸਾਲ ਪਹਿਲਾਂ ਵਾਪਰੇ ਇਸ ਸਾਕੇ ਬਾਰੇ ਜਨਤਕ ਤੌਰ ਉਤੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ।

ਆਪਣੇ ਨਾਲ ਲਿਆਂਦੇ ਇਕ ਮਾਈਕ ਤੇ ਸਪੀਕਰ ਦੀ ਵਰਤੋਂ ਕਰ ਕੇ ਕੈਂਟਰਬਰੀ ਦੇ ਆਰਕਬਿਸ਼ਪ ਨੇ ਸ਼ਹੀਦਾਂ ਤੇ ਇਸ ਸਾਕੇ ਬਾਰੇ ਕਿਹਾ ਕਿ ਉਹ ਇਥੇ ਆ ਕੇ ਦੁਖੀ ਮਹਿਸੂਸ ਕਰ ਰਹੇ ਹਨ, ਸੌ ਸਾਲ ਪਹਿਲਾਂ ਜੋ ਕੁਝ ਇਥੇ ਵਾਪਰਿਆ ਸੀ, ਉਹ ਅਣਮਨੁੱਖੀ ਸੀ। ਆਰਕਬਿਸ਼ਪ ਨੇ ਇਸ ਨੂੰ ਪਾਪ ਅਤੇ ਜੁਰਮ ਦਾ ਨਾਂਅ ਦਿੰਦਿਆਂ ਕਿਹਾ ਕਿ ਉਹ ਇਸ ਵਾਸਤੇ ਸ਼ਰਮਿੰਦਗੀ ਤੇ ਦੁੱਖ ਮਹਿਸੂਸ ਕਰ ਰਹੇ ਹਨ। ਉਨ੍ਹਾਂ ਨਾਲ ਹੀ ਸਪੱਸ਼ਟ ਕੀਤਾ ਕਿ ਉਹ ਸਿਆਸੀ ਆਗੂ ਨਹੀਂ ਹਨ, ਇਕ ਧਾਰਮਿਕ ਆਗੂ ਵਜੋਂ ਦੁੱਖ ਪ੍ਰਗਟ ਕਰ ਰਹੇ ਹਨ। ਇਸ ਮੌਕੇ ਪੀੜਤ ਪਰਵਾਰਾਂ ਲਈ ਪ੍ਰਭੂ ਯਿਸੂ ਮਸੀਹ ਅੱਗੇ ਪ੍ਰਾਰਥਨਾ ਵੀ ਕੀਤੀ ਗਈ। ਉਨ੍ਹਾਂ ਨੇ ਜੱਲ੍ਹਿਆਂਵਾਲਾ ਬਾਗ ਯਾਤਰੂ ਕਿਤਾਬ ਵਿੱਚ ਆਪਣੀਆਂ ਭਾਵਨਾਵਾਂ ਦਰਜ ਕੀਤੀਆਂ ਕਿ ਉਹ ਇਥੇ ਇਕ ਬ੍ਰਿਟਿਸ਼ ਕ੍ਰਿਸਚਨ ਵਜੋਂ ਦੁੱਖ ਤੇ ਸ਼ਰਮਿੰਦਗੀ ਮਹਿਸੂਸ ਕਰ ਰਹੇ ਹਨ। ਸਾਨੂੰ ਇਤਿਹਾਸ ਤੋਂ ਸਿੱਖਣ ਦੀ ਲੋੜ ਹੈ ਅਤੇ ਨਫਰਤ ਨੂੰ ਖਤਮ ਕਰਕੇ ਵਿਸ਼ਵ ਵਿੱਚ ਚੰਗੇ ਕੰਮ ਕਰਨੇ ਚਾਹੀਦੇ ਹਨ। ਜੱਲ੍ਹਿਆਂਵਾਲਾ ਬਾਗ ਸਾਕੇ ਦੇ ਪੀੜਤ ਪਰਵਾਰਾਂ ਵੱਲੋਂ ਕੀਤੀ ਜਾ ਰਹੀ ਮੰਗ ਕਿ ਬ੍ਰਿਟਿਸ਼ ਸਰਕਾਰ ਇਸ ਦੇ ਲਈ ਮੁਆਫੀ ਮੰਗੇ, ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਉਹ ਸਿਆਸੀ ਆਗੂ ਨਹੀਂ, ਧਾਰਮਿਕ ਆਗੂ ਹਨ। ਉਨ੍ਹਾਂ ਇਥੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰ ਦਿੱਤਾ ਹੈ।

ਲਗਭਗ ਦੋ ਵਜੇ ਬਾਅਦ ਦੁਪਹਿਰ ਇਸ ਬਾਗ ਵਿੱਚ ਪੁੱਜੇ ਆਰਕਬਿਸ਼ਪ ਵੈਲਬੀ ਨੇ ਦਾਖਲ ਹੁੰਦਿਆਂ ਸਾਰ ਪਹਿਲਾਂ ਸ਼ਹੀਦੀ ਲਾਟ ਦੇ ਸਾਹਮਣੇ ਗੋਡਿਆਂ ਭਾਰ ਬੈਠ ਕੇ ਪ੍ਰਾਰਥਨਾ ਕੀਤੀ। ਉਨ੍ਹਾਂ ਨੇ ਉਹ ਕੰਧਾਂ ਦੇਖੀਆਂ, ਜਿਥੇ ਸੌ ਸਾਲ ਪਹਿਲਾਂ ਚੱਲੀਆਂ ਗੋਲੀਆਂ ਦੇ ਨਿਸ਼ਾਨ ਮੌਜੂਦ ਹਨ। ਫਿਰ ਪ੍ਰਾਰਥਨਾ ਕੀਤੀ ਤੇ ਸ਼ਹੀਦੀ ਸਮਾਰਕ ਵਿਖੇ ਪੂਰੀ ਤਰ੍ਹਾਂ ਲੇਟ ਕੇ ਸ਼ਹੀਦਾਂ ਨੂੰ ਪ੍ਰਣਾਮ ਕੀਤਾ। ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਕੈਰੋਲੀਨਾ ਵੈਲਬੀ ਅਤੇ ਵਫਦ ਦੇ ਬਾਕੀ ਮੈਂਬਰ ਸ਼ਾਮਲ ਸਨ।

# ਪਾਕਿਸਤਾਨ ਨੂੰ ਨਵਾਂ ਝਟਕਾ, ਯੂ ਐੱਨ ਓ ਵੱਲੋਂ ਵੀ ਵਿਚੋਲਗੀ ਤੋਂ ਇਨਕਾਰ

ਜਨੇਵਾ, 11 ਸਤੰਬਰ, (ਪੋਸਟ ਬਿਊਰੋ)- ਕਸ਼ਮੀਰ ਮੁੱਦੇ ਉੱਤੇ ਲਗਾਤਾਰ ਝਟਕੇ ਖਾ ਰਹੇ ਪਾਕਿਸਤਾਨ ਨੂੰ ਅੱਜ ਯੂ ਐੱਨ ਓਵੱਲੋਂ ਵੀ ਝਟਕਾ ਲੱਗ ਗਿਆ ਹੈ। ਯੂ ਐੱਨ ਓ ਨੇ ਵਿਚੋਲਗੀ ਕਰਨ ਤੋਂਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਪਾਕਿਸਤਾਨ ਦੀ ਅਪੀਲ ਮਨਜ਼ੂਰ ਨਹੀਂ ਹੋ ਸਕਦੀ। ਯੂਐਨ ਸੈਕਟਰੀ ਜਨਰਲ ਦੇ ਬੁਲਾਰੇ ਨੇ ਇੱਕ ਬਿਆਨ ਵਿੱਚ ਸਾਫ ਕਿਹਾ ਹੈ ਕਿ ਦੋਵਾਂ ਦੇਸ਼ਾਂ ਭਾਰਤ-ਪਾਕਿਸਤਾਨ ਨੂੰ ਇਹ ਮੁੱਦਾ ਆਪਸੀ ਗੱਲਬਾਤ ਨਾਲ ਸੁਲਝਾਉਣਾ ਹੋਵੇਗਾ।

ਵਰਨਣ ਯੋਗ ਹੈ ਕਿ ਕਸ਼ਮੀਰ ਮੁੱਦੇਉੱਤੇਯੂ ਐੱਨ ਅਤੇ ਅਮਰੀਕਾ ਨੂੰ ਵਿਚੋਲਗੀ ਕਰਨ ਲਈ ਅਪੀਲ ਕਰ ਚੁੱਕੇ ਪਾਕਿਸਤਾਨ ਨੂੰ ਯੂਐਨ ਨੇ ਅੱਜ ਦੋ ਟੂਕ ਜਵਾਬ ਦੇ ਦਿੱਤਾ ਹੈ। ਯੂਐਨ ਸੈਕਟਰੀ ਜਨਰਲ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ ਕਿ ਵਿਚੋਲਗੀਉੱਤੇ ਸਾਡਾ ਫ਼ੈਸਲਾ ਪਹਿਲਾਂ ਵਾਲਾ ਹੀ ਹੈ, ਉਸ ਵਿੱਚ ਕੋਈ ਬਦਲਾਓ ਨਹੀਂ ਹੋਇਆ। ਕਈ ਹੋਰ ਦੇਸ਼ਾਂ ਵਾਂਗ ਯੂਐਨ ਨੇ ਕਸ਼ਮੀਰ ਮੁੱਦੇ ਨੂੰ ਅੰਦੂਰਨੀ ਮਾਮਲਾ ਮੰਨਿਆ ਹੈ।

ਇਸ ਤੋਂ ਇੱਕ ਦਿਨ ਪਹਿਲਾਂਯੂ ਐੱਨ ਮਨੁੱਖੀ ਅਧਿਕਾਰ ਕੌਂਸਲ ਵਿੱਚ ਜੰਮੂ-ਕਸ਼ਮੀਰ ਦੇ ਸਵਾਲਉੱਤੇ ਭਾਰਤ ਨੇ ਇੱਕ-ਇੱਕ ਕਰ ਕੇ ਪਾਕਿਸਤਾਨ ਦੇ ਦੋਸ਼ਾਂ ਦਾ ਜਵਾਬ ਦਿੱਤਾ ਸੀ ਤੇ ਭਾਰਤ ਦੇ ਵਿਦੇਸ਼ ਸਕੱਤਰ ਨੇ ਆਖਿਆ ਸੀ ਕਿ ਸਾਡੇ ਤਾਜ਼ਾਂ ਕਦਮਾਂ ਤੋਂ ਪਾਕਿਸਤਾਨ ਨੂੰ ਅਹਿਸਾਸ ਹੋ ਗਿਆ ਹੈ ਕਿ ਉਸਦੇ ਅਤਿਵਾਦੀ ਇਰਾਦੇ ਕਾਮਯਾਬ ਨਹੀਂ ਹੋਣਗੇ। ਭਾਰਤ ਨੇ ਜੰਮੂ-ਕਸ਼ਮੀਰ ਵਿੱਚ ਹਿੰਸਾ ਭੜਕਾਉਣ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਦੱਸਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਸੁਖਦੀਪ ਚਕਰੀਏ ਦਾ ਸਿਖਰਲਾ ਭੇੜ ਸ਼ਨੀਵਾਰ ਨੂੰ

-ਪ੍ਰਿੰ. ਸਰਵਣ ਸਿੰਘ-

14 ਸਤੰਬਰ, ਸ਼ਨੀਵਾਰ, ਸ਼ਾਮ 7-00 ਵਜੇ, ਸੀਏਏ ਸੈਂਟਰ ਬਰੈਂਪਟਨ ਵਿਚ ਸੁਖਦੀਪ ਚਕਰੀਆ ਪ੍ਰੋਫੈਸ਼ਨਲ ਬੌਕਸਿੰਗ ਦੇ ਸਿਖਰਲੇ ਬਾਊਟ ਵਿਚ ਡੇਵਿਡ ਰੋਮੇਰੋ ਨਾਲ ਭਿੜੇਗਾ। ਇਹ ਚੋਟੀ ਦਾ ਮੁਕਾਬਲਾ ਵੇਖਣਯੋਗ ਹੋਵੇਗਾ। ਨਿਤਾਰਾ ਹੋਵੇਗਾ, ਕੌਣ ਚੈਂਪੀਅਨ ਬਣਦੈ? ਦੋਹਾਂ ਮੁੱਕਬਾਜ਼ਾਂ ਦੇ ਕੋਚ ਤੇ ਪ੍ਰਮੋਟਰ ਆਪੋ ਆਪਣੇ ਮੁੱਕੇਬਾਜ਼ਾਂ ਨੂੰ ਜਿਤਾਉਣ ਲਈ ਪੂਰੇ ਜੋਸ਼ੋ ਖਰੋਸ਼ ਵਿਚ ਆਏ ਹੋਣਗੇ। ਹਰ ਮੁੱਕੇ ਉਤੇ ਕਿਲਕਾਰੀਆਂ ਵੱਜਣਗੀਆਂ। ਪਿੰਡ ਚਕਰ ਦੇ ਪਰਿਵਾਰ ਅਤੇ ਮਾਝੇ, ਮਾਲਵੇ, ਦੁਆਬੇ ਤੇ ਇੰਡੀਆ ਦੇ ਦਰਸ਼ਕ ਵੱਡੀ ਗਿਣਤੀ ਵਿਚ ਪੁੱਜਣਗੇ। ਪਹਿਲਾਂ ਕਬੱਡੀ ਤੇ ਹਾਕੀ ਵਿਚ ਪੰਜਾਬੀਆਂ ਦਾ ਨਾਂ ਸੀ ਹੁਣ ਮੁੱਕੇਬਾਜ਼ੀ ਵਿਚ ਵੀ ਪੰਜਾਬੀ ਮੁੱਕੇਬਾਜ਼ ਚੜ੍ਹਤ ਵਿਚ ਆ ਗਏ ਹਨ। ਪਿੰਡ ਚਕਰ ਜ਼ਿਲ੍ਹਾ ਲੁਧਿਆਣਾ ਦੀ ਇਕ ਲੜਕੀ ਮਨਦੀਪ ਸੰਧੂ ਜੂਨੀਅਰ ਵਰਲਡ ਚੈਂਪੀਅਨ ਬਣ ਚੁੱਕੀ ਹੈ ਤੇ ਦੂਜੀ ਲੜਕੀ ਸਿਮਰ ਚਕਰ ਸੀਨੀਅਰ ਵਰਲਡ ਬੌਕਸਿੰਗ ਚੈਂਪੀਅਨਸ਼ਿਪ ਦੇ ਵਿਕਟਰੀ ਸਟੈਂਡ 'ਤੇ ਚੜ੍ਹ ਚੁੱਕੀ ਹੈ। ਸੁਖਦੀਪ ਚਕਰੀਆ ਇੰਡੀਆ ਦਾ ਨੈਸ਼ਨਲ ਚੈਂਪੀਅਨ ਬਣਨ ਤੇ ਕੌਮਾਂਤਰੀ ਮੁਕਾਬਲਿਆਂ ਵਿਚ ਇੰਡੀਆ ਲਈ ਮੈਡਲ ਜਿੱਤਣ ਪਿੱਛੋਂ ਪ੍ਰੋਫੈਸ਼ਨਲ ਬੌਕਸਰ ਬਣ ਕੇ ਲਗਾਤਾਰ ਪੰਜ ਮੁਕਾਬਲੇ ਜਿੱਤ ਚੁੱਕਾ ਹੈ। ਛੇਵਾਂ ਤੇ ਆਖ਼ਰੀ ਮੁਕਾਬਲਾ 14 ਸਤੰਬਰ ਨੂੰ ਬਰੈਂਪਟਨ ਵਿਚ ਹੋਵੇਗਾ ਜਿਸ ਦੀਆਂ ਟਿਕਟਾਂ ਸੇਲ ਉਤੇ ਹਨ। ਪੰਜਾਬੀਆਂ ਤੇ ਦੇਸ਼ ਵਾਸੀਆਂ ਲਈ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦਾ ਆਪਣਾ ਬੌਕਸਰ ਇਸ ਮੁਕਾਬਲੇ ਵਿਚ ਪੁੱਜਾ ਹੈ।

ਸੁਖਦੀਪ ਚਕਰੀਏ ਦਾ ਜਨਮ 25 ਅਕਤੂਬਰ 1992 ਨੂੰ ਪਿੰਡ ਚਕਰ ਦੇ ਇਕ ਕਿਰਤੀ ਪਰਿਵਾਰ ਵਿਚ ਹੋਇਆ ਸੀ। ਉਹ ਹੁੰਦੜਹੇਲ ਬੱਚਾ ਸੀ ਜਿਸ ਨੂੰ ਬਚਪਨ ਵਿਚ ਹੀ ਖੇਡਾਂ ਦੀ ਚੇਟਕ ਲੱਗ ਗਈ। ਹਾਲਾਤ ਐਸੇ ਬਣੇ ਕਿ ਉਹ ਮੁੱਕਬਾਜ਼ੀ ਕਰਨ ਲੱਗ ਪਿਆ। ਉਹ ਅਜੇ ਪੰਜਵੀਂ ਛੇਵੀਂ ਵਿਚ ਪੜ੍ਹਦਾ ਸੀ ਕਿ ਪਿੰਡ ਵਿਚ ਮੁੱਕੇਬਾਜ਼ੀ ਸਿਖਾਉਣ ਲਈ ਸ਼ੇਰੇ ਪੰਜਾਬ ਅਕੈਡਮੀ ਵਜੂਦ ਵਿਚ ਆ ਗਈ। ਅਕੈਡਮੀ ਦਾ ਬੂਟਾ ਪਿੰਡ ਦੇ ਪੜ੍ਹੇ ਲਿਖੇ ਨੌਜੁਆਨ ਡਾ. ਬਲਵੰਤ ਸਿੰਘ ਸੰਧੂ ਨੇ ਲਾਇਆ ਜਿਸ ਦੀ ਮਾਇਕ ਸਹਾਇਤਾ ਤੇ ਪਾਲਣਾ ਅਜੈਕਸ, ਟੋਰਾਂਟੋ ਰਹਿੰਦੇ ਜੌੜੇ ਸਿੱਧੂ ਭਰਾ ਅਜਮੇਰ ਸਿੰਘ ਤੇ ਬਲਦੇਵ ਸਿੰਘ ਨੇ ਕੀਤੀ। ਚਕਰ ਬਾਰੇ ਮਸ਼ਹੂਰ ਸੀ ਕਿ ਇਸ ਪਿੰਡ ਦੇ ਲੋਕ ਲੜਾਕੇ ਹਨ ਜੋ ਲੜਾਈਆਂ ਝਗੜਿਆਂ ਵਿਚ ਇਕ ਦੂਜੇ ਨੂੰ ਕੁੱਟਦੇ ਮਾਰਦੇ ਰਹੇ ਹਨ। ਖੇਡ ਅਕੈਡਮੀ ਨੇ ਲੜਾਕਿਆਂ ਨੂੰ ਆਪਸ ਵਿਚ ਲੜਨ ਮਰਨ ਦੀ ਥਾਂ ਮੁੱਕੇਬਾਜ਼ੀ ਕਰਨ ਲਾ ਦਿੱਤਾ ਜਿਸ ਨਾਲ ਉਹ ਤਰੀਕਾਂ ਭੁਗਤਣ ਦੀ ਥਾਂ ਇਨਾਮ ਜਿੱਤਣ ਲੱਗ ਪਏ। ਸ਼ੇਰੇ ਪੰਜਾਬ ਅਕੈਡਮੀ ਚਕਰ ਨੇ ਸਟੇਟ, ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ। ਲੜਕਿਆਂ ਨਾਲੋਂ ਲੜਕੀਆਂ ਦੀਆਂ ਜਿੱਤਾਂ ਹੋਰ ਵੀ ਵਧ ਹਨ ਜੋ ਸਮਾਜ ਲਈ ਸ਼ੁਭ ਸ਼ਗਨ ਹੈ।





2006 ਵਿਚ ਬਚੂੰਗੜਾ ਜਿਹਾ ਸੁਖਦੀਪ ਇਕ ਦਿਨ ਅਕੈਡਮੀ ਵੱਲ ਆਇਆ ਅਤੇ ਕੰਧ ਉਤੋਂ ਦੀ ਮੁੰਡਿਆਂ ਦੇ ਇਕ ਦੂਜੇ ਦੇ ਘਸੁੰਨ ਵੱਜਦੇ ਵੇਖਣ ਲੱਗਾ। ਪਹਿਲਾਂ ਤਾਂ ਉਸ ਨੇ ਇਸ ਨੂੰ ਮੁੰਡਿਆਂ ਦੀ ਲੜਾਈ ਸਮਝਿਆ ਪਰ ਮੁੱਕੇਬਾਜ਼ੀ ਕਰਾ ਰਹੇ ਬਲਵੰਤ ਸਿੰਘ ਦੇ ਦੱਸਣ ਉਤੇ ਕਿ ਇਹ ਇਕ ਖੇਡ ਹੈ ਤਾਂ ਉਹ ਵੀ ਮੁੱਕੇਬਾਜ਼ੀ ਸਿੱਖਣ ਲੱਗ ਪਿਆ। ਸਮੇਂ ਸਮੇਂ ਅਜਮੇਰ ਸਿੱਧੂ, ਬਲਦੇਵ ਸਿੱਧੂ, ਮੁੱਕੇਬਾਜ਼ ਦੇਵਿੰਦਰ ਸਿੰਘ ਘੁੰਮਣ ਡੀ. ਐਸ. ਪੀ, ਮੁੱਕੇਬਾਜ਼ੀ ਦੇ ਕੋਚ ਹਰਪ੍ਰੀਤ ਸਿੰਘ ਸਿੱਧੂ ਅਤੇ ਐੱਨ. ਆਈ. ਐੱਸ. ਪਟਿਆਲੇ ਤੋਂ ਮੁੱਕੇਬਾਜ਼ੀ ਦੇ ਚੀਫ ਕੋਚ ਗੁਰਬਖ਼ਸ਼ ਸਿੰਘ ਸੰਧੂ ਪਿੰਡ ਚਕਰ ਆਉਣ ਲੱਗੇ। ਉਨ੍ਹਾਂ ਦੀ ਸਿਖਲਾਈ ਨਾਲ ਅਕੈਡਮੀ ਨੂੰ ਬੜਾ ਬਲ ਮਿਲਿਆ। ਸੁਖਦੀਪ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸਟੇਟ ਤੇ ਨੈਸ਼ਨਲ ਪੱਧਰ ਦੇ ਮੁਕਾਬਲੇ ਜਿਤਦਾ ਇੰਟਰਨੈਸ਼ਨਲ ਮੁਕਾਬਲੇ ਜਿੱਤਣ ਲੱਗ ਪਿਆ।

ਕੈਨੇਡਾ ਦੇ ਸਿੱਧੂ ਭਰਾਵਾਂ ਨੇ ਉਸ ਨੂੰ ਕੈਨੇਡਾ, ਇੰਗਲੈਂਡ ਤੇ ਕਿਊਬਾ ਵਿਚ ਬੌਕਸਿੰਗ ਦੀ ਵਿਸ਼ੇਸ਼ ਸਿਖਲਾਈ ਦਿਲਵਾਈ। ਮੁੱਕੇਬਾਜ਼ੀ ਦੇ ਮੁਕਾਬਲਿਆਂ ਵਿਚ ਉਹਦਾ ਨਾਂ 'ਸੁਖਦੀਪ ਚਕਰੀਆ' ਰੱਖਿਆ ਗਿਆ। ਸੁਖਦੀਪ 2018 ਤਕ ਐਮੇਚਿਓਰ ਬੌਕਸਰ ਰਿਹਾ ਸੀ ਜਿਸ ਦੌਰਾਨ ਉਸ ਦਾ ਓਲੰਪੀਅਨ ਵਜਿੰਦਰ ਸਿੰਘ ਨਾਲ ਵੀ ਮੁਕਾਬਲਾ ਹੁੰਦਾ ਰਿਹਾ। 2018 ਤੋਂ ਸੁਖਦੀਪ ਚਕਰੀਆ ਪ੍ਰੋਫੈਸ਼ਨਲ ਬੌਕਸਿੰਗ ਕਰਨ ਲੱਗ ਪਿਆ।

ਪ੍ਰੋਫ਼ੈਸ਼ਨਲ ਬੌਕਸਿੰਗ ਦੇ ਪਹਿਲੇ ਮੁਕਾਬਲੇ ਵਿਚ ਉਸ ਨੇ ਮੁੱਕੇਬਾਜ਼ ਅਲੈਗਜ਼ੈਂਡਰ ਗਾਰਸੀਆ ਨੂੰ ਹਰਾਇਆ। ਦੂਜੇ ਮੁਕਾਬਲੇ ਵਿਚ ਅਬਰਾਹਮ ਮੇਦੀਨਾ ਨੂੰ ਤੇ ਤੀਜੇ ਮੁਕਾਬਲੇ ਵਿਚ ਪਾਬਲੋ ਈ ਅਕੋਸਟਾ ਨੂੰ ਚਿੱਤ ਕੀਤਾ। ਚੌਥੇ ਮੁਕਾਬਲੇ ਵਿਚ ਮਿੱਥ ਲੂਈਸ-ਚਾਰਲਸ ਅਤੇ ਪੰਜਵੇਂ ਬਾਊਟ ਵਿਚ ਮਿਖਾਇਲ ਮਿੱਲਰ 'ਤੇ ਫਤਿਹ ਪਾਈ। ਹੁਣ ਉਸ ਦਾ ਮੁਕਾਬਲਾ ਡੇਵਿਡ ਰੋਮੇਰੋ ਨਾਲ ਹੈ। ਉਮੀਦ ਹੈ ਉਹ ਇਸ ਮੁਕਾਬਲੇ ਵਿਚ ਵੀ ਜਿੱਤ ਹਾਸਲ ਕਰੇਗਾ। ਜੇਕਰ ਉਹ ਜਿੱਤ ਜਾਂਦਾ ਹੈ ਤਾਂ ਹਾਕੀ, ਕਬੱਡੀ ਤੇ ਕੁਸ਼ਤੀ ਵਾਂਗ ਪੰਜਾਬੀਆਂ ਦਾ ਮੁੱਕਬਾਜ਼ੀ ਵਿਚ ਵੀ ਬੋਲਬਾਲਾ ਹੋਣਾ ਸ਼ੁਰੂ ਹੋ ਜਾਵੇਗਾ। ਸਾਡੇ ਗਭਰੂ ਤੇ ਮੁਟਿਆਰਾਂ ਬੌਕਸਿੰਗ ਵੱਲ ਪ੍ਰੇਰੇ ਜਾਣਗੇ ਜਿਸ ਵਿਚ ਮਿਲੀਅਨ ਡਾਲਰਾਂ ਦੇ ਇਨਾਮ ਹਨ। ਸਾਨੂੰ ਟਰਾਂਟੋ ਵਾਸੀਆਂ ਨੂੰ ਪੰਜਾਬੀ ਮੁੱਕੇਬਾਜ਼ ਦੀ ਖੁੱਲ੍ਹੇ ਦਿਲ ਨਾਲ ਸਪੋਰਟ ਕਰਨੀ ਚਾਹੀਦੀ ਹੈ। ਸ਼ੋਅ ਦੀਆਂ ਟਿਕਟਾਂ ਸੰਬੰਧੀ ਤੇ ਹੋਰ ਜਾਣਕਾਰੀ ਲਈ ਦਿਲਬਾਗ ਸਿੰਘ ਧਾਲੀਵਾਲ ਦਾ ਸੰਪਰਕ ਫੋਨ 416-655-6043 ਹੈ।

PUNJABI POST
NOW HIRING!
SALES EXECUTIVES
Salary + Commison, Potential to earn $50,000/Year, Must have Own Car, Fluent in English & Punjabi.
Send your resume at: balwinder@punjabipost.ca
Call Punjabi Post: 905.793.2202

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਜ਼ੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN
GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਕਾਲ ਕਰੋ:
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ 647-643-7593

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergillawfirm.ca

# ਮੋਦੀ ਵੱਲੋਂ ਵਿਰੋਧੀਆਂ ਉੱਤੇ ਟਕੋਰ: ਗਾਂ ਅਤੇ ਓਮ ਸੁਣਦੇ ਸਾਰ ਕਈਆਂ ਦੇ ਰੌਂਗਟੇ ਖੜੇ ਹੋ ਜਾਂਦੇ ਨੇ

ਨਵੀਂ ਦਿੱਲੀ, 11 ਸਤੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵਾਰ ਫਿਰ ਵਿਰੋਧੀ ਪਾਰਟੀਆਂ ਦੇ ਖਿਲਾਫ ਤਿੱਖੀ ਟਕੋਰ ਰਾਹੀਂ ਹਮਲਾ ਕੀਤਾ ਅਤੇ ਕਿਹਾ ਕਿ ਦੇਸ਼ ਵਿਚ ਕੁਝ ਲੋਕ ਅਜਿਹੇ ਹਨ, ਜਿਹੜੇ ਜਦੋਂ ਗਾਂ ਦਾ ਨਾਂਅ ਸੁਣਦੇ ਹਨ ਤਾਂ ਉਨ੍ਹਾਂ ਦੇ ਰੌਂਗਟੇ ਖੜੇ ਹੋ ਜਾਂਦੇ ਹਨ। ਅੱਜ ਬੁੱਧਵਾਰ ਨੂੰ ਉੱਤਰ ਪ੍ਰਦੇਸ਼ ਦੇ ਮਥੁਰਾ ਵਿਚ ਪਸ਼ੂਆਂ ਦੇ ਇਲਾਜ ਬਾਰੇ ਕਈ ਯੋਜਨਾਵਾਂ ਦਾ ਉਦਘਾਟਨ ਕਰ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਪਣੇ ਵਿਰੋਧੀਆਂਉੱਤੇ ਹਮਲਾ ਬੋਲਿਆ। ਉਨ੍ਹਾਂ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਇੱਕ ਕਿੱਸਾ ਸੁਣਾਇਆ ਕਿ ਪਿਛਲੇ ਸਾਲ ਉਹ ਰਵਾਂਡਾ ਗਏ ਤਾਂ ਓਥੋਂ ਆਈਆਂ ਖ਼ਬਰਾਂ ਨੇ ਭਾਰਤ ਦੇ ਵਿਚ ਤੂਫ਼ਾਨ ਲਿਆ ਦਿੱਤਾ ਸੀ। ਕੁਝ ਲੋਕ ਕਹਿੰਦੇ ਸਨ ਕਿ ਮੋਦੀ ਓਥੇ 250 ਗਊਆਂ ਤੋਹਫ਼ੇ ਵਿਚ ਦੇ ਆਏ ਹਨ। ਉਨ੍ਹਾਂ ਦੱਸਿਆ ਕਿ ਰਵਾਂਡਾ ਵਿਚ ਇਕ ਯੋਜਨਾ ਹੇਠ ਓਥੋਂ ਦੀ ਸਰਕਾਰ ਪਿੰਡਾਂ ਦੇ ਲੋਕਾਂ ਨੂੰ ਗਾਂਵਾਂ ਵੰਡ ਰਹੀ ਹੈ। ਕਿੱਸਾ ਸੁਣਾਉਣ ਦੇ ਬਾਅਦ ਨਰਿੰਦਰ ਮੋਦੀ ਨੇ



ਕਿਹਾ ਕਿ ਸਾਡੇ ਦੇਸ਼ ਵਿਚ ਕੁਝ ਲੋਕਾਂ ਦੇ ਕੰਨਾਂ ਵਿਚ ਓਮ ਜਾਂ ਗਊ ਦਾ ਸ਼ਬਦ ਵੀ ਪੈਂਦਾ ਹੈ ਤਾਂ ਉਨ੍ਹਾਂ ਦੇ ਰੌਂਗਟੇ ਖੜੇ ਹੋ ਜਾਂਦੇ ਹਨ। ਉਨ੍ਹਾ ਕਿਹਾ ਕਿ ਏਦਾਂ ਕਰਨ ਵਾਲੇ ਲੋਕਾਂ ਨੇ ਦੇਸ਼ ਬਰਬਾਦ ਕਰਨ ਦੀ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਕਿਹਾ ਕਿ ਪਸ਼ੂਪਾਲਣ ਤੋਂ ਬਿਨਾਂ ਅਰਥ ਵਿਵਸਥ ਜਾਂ ਪਿੰਡ ਵਿੱਚ ਕੁਝ ਨਹੀਂ ਚੱਲ ਸਕਦਾ।

ਵਰਨਣ ਯੋਗ ਹੈ ਕਿ ਭਾਰਤ ਵਿਚ ਗਊ ਹੱਤਿਆ ਅਤੇ ਗਊ ਰੱਖਿਆ ਦੇ ਨਾਂਅਉੱਤੇਭੀੜ ਵੱਲੋਂ ਕੁੱਟ ਕੇ ਮਾਰ ਦੇਣ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਅਤੇ ਕਈ ਵਿਰੋਧੀ ਧਿਰਾਂ ਇਸ ਮੁੱਦੇ ਬਾਰੇ ਕੁਝ ਹਿੰਦੂ ਸੰਗਠਨਾਂ, ਭਾਜਪਾ ਅਤੇ ਆਰਐਸਐਸਉੱਤੇ ਹਮਲਾ ਕਰਦੀਆਂ ਹਨ ਅਤੇ ਸਿਆਸਤ ਦਾ ਦੋਸ਼ ਲਾਉਂਦੀਆਂ ਹਨ।

ਅੱਜ ਪ੍ਰਧਾਨ ਮੰਤਰੀ ਮੋਦੀ ਦੀ ਟਿਪਣੀ ਪਿੱਛੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸੈਕਟਰੀਡੀ. ਰਾਜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਇਹ ਚਿੰਤਾ ਹੋਣੀ ਚਾਹੀਦੀ ਹੈ ਕਿ ਗਊ ਦੇ ਨਾਮਉੱਤੇ ਲੋਕਾਂ ਦੀ ਹਤਿਆ ਕੀਤੀ ਜਾਂਦੀ ਹੈ ਤੇ ਸੰਵਿਧਾਨ ਦੀ ਉਲੰਘਣਾ ਹੋ ਰਹੀ ਹੈ। ਡੀ ਰਾਜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਓਮ ਅਤੇ ਗਊ ਦੇ ਮੁੱਦੇ ਨੂੰ ਚੁੱਕਦੇ ਹਨ, ਜਦਕਿ ਉਨ੍ਹਾਂ ਨੂੰ ਦੇਸ਼ ਦੇ ਆਰਥਿਕ ਮੰਦੇ ਦੀ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿਮੋਦੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦਾਵਿਹਾਰ ਕਰਨਾ ਚਾਹੀਦਾ ਹੈ। ਉਧਰ ਆਲ ਇੰਡੀਆ ਮਜਲਿਸ ਏ ਇਤਹਾਦੁਲ ਮੁਸਲਮੀਨ ਦੇ ਮੁਖੀ ਅਸਦੁਦੀਨ ਓਵੈਸੀ ਨੇ ਕਿਹਾ ਹੈ ਕਿ ਭਾਰਤ ਵਿਚ ਲੋਕ ਸਿਰਫ਼ ਓਮ ਅਤੇ ਗਊ ਦੇ ਸ਼ਬਦ ਨਹੀਂ ਸੁਣਦੇ, ਮਸਜਿਦਾਂ ਦੀ ਆਜ਼ਾਨ, ਗੁਰਦਵਾਰੇ ਵਿਚ ਹੋਣ ਵਾਲੇ ਪਾਠ ਅਤੇ ਚਰਚ ਦੀ ਘੰਟੀ ਦੀ ਆਵਾਜ਼ ਵੀ ਸੁਣਦੇ ਹਨ। ਉਨ੍ਹਾਂ ਨੇ ਕਿਹਾ, 'ਲੋਕ ਜਦ ਗਊ ਦੇ ਨਾਮਉੱਤੇ ਮਾਰੇ ਜਾਣ ਤਾਂ ਪ੍ਰਧਾਨ ਮੰਤਰੀ ਨੂੰ ਚਿੰਤਾ ਹੋਣੀ ਚਾਹੀਦੀ ਹੈ। ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰ ਮਾਜਿਦ ਮੈਮਨ ਨੇ ਕਿਹਾ ਕਿ ਮੋਦੀ ਧਰਮਨਿਰਪੱਖ ਦੇਸ਼ ਦੇ ਪ੍ਰਧਾਨ ਮੰਤਰੀ ਹਨ, ਉਨ੍ਹਾਂ ਨੂੰ ਅਕਸਰ ਧਾਰਮਕ ਗੱਲਾਂ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ, ਉਹ ਧਰਮ-ਗੁਰੂ ਨਹੀਂ ਹਨ।

# ਦਿਲਜੀਤ ਦੁਸਾਂਝ ਦਾ ਅਮਰੀਕਾ ਦਾ ਸ਼ੋਅ ਭਾਰਤੀ ਫਿਲਮ ਜਗਤ ਦੇ ਵਿਰੋਧ ਪਿੱਛੋਂ ਮੁਲਤਵੀ

ਮੁੰਬਈ, 11 ਸਤੰਬਰ, (ਪੋਸਟ ਬਿਊਰੋ)- ਫੈਡਰੇਸ਼ਨ ਆਫ ਵੈਸਟਰਨ ਇੰਡੀਅਨ ਸਿਨੇ ਇੰਪਲਾਈਜ਼ (ਐੱਫ ਡਬਲਿਊ ਆਈ ਸੀ ਈ) ਵੱਲੋਂ ਇਤਰਾਜ਼ ਪਿੱਛੋਂ ਫਿਲਮ ਅਦਾਕਾਰ ਅਤੇ ਗਾਇਕ ਦਿਲਜੀਤ ਦੁਸਾਂਝ ਨੇ ਅਮਰੀਕਾ ਵਿੱਚਹੋਣ ਵਾਲਾ ਆਪਣਾ ਸ਼ੋਅ ਮੁਲਤਵੀ ਕਰ ਦਿੱਤਾ ਹੈ। ਇਸ ਸ਼ੋਅ ਉੱਤੇ ਇਤਰਾਜ਼ ਕਰਦੇ ਹੋਏ ਐੱਫ ਡਬਲਿਊ ਆਈ ਸੀ ਈ ਨੇ ਕਿਹਾ ਸੀ ਕਿ ਇਸ ਸ਼ੋਅ ਦਾ ਪ੍ਰਬੰਧਕ ਇਕ ਪਾਕਿਸਤਾਨੀ ਨਾਗਰਿਕ ਰੇਹਾਨ ਸਿੱਦੀਕੀ ਹੈ।

ਭਾਰਤ ਤੇ ਪਾਕਿਸਤਾਨ ਵਿਚਾਲੇ ਜਾਰੀ ਤਣਾਅ ਦੇ ਕਾਰਨ ਬੀਤੀ 31 ਅਗਸਤ ਨੂੰ ਐੱਫ ਡਬਲਿਊ ਆਈ ਸੀ ਈ ਨੇ ਦਿਲਜੀਤ ਦੁਸਾਂਝ ਨੂੰ ਇਹ ਸ਼ੋਅ ਰੱਦ ਕਰਨ ਦੀ ਅਪੀਲ ਕੀਤੀ ਸੀ। ਸਿਨੇ ਮੁਲਾਜ਼ਮਾਂ ਦੀ ਸੰਸਥਾ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਬਾਰੇ ਇਕ ਪੋਸਟਰ ਤੋਂ ਪਤਾ ਲੱਗਾ ਸੀ। ਸੰਸਥਾ ਦੇ ਬਿਆਨ



ਮੁਤਾਬਕ ਕਿ ਉਨ੍ਹਾਂ ਨੇ ਦਿਲਜੀਤ ਦੁਸਾਂਝ ਨੂੰ ਪੱਤਰ ਲਿਖ ਕੇ ਕਿਹਾ ਕਿ ਉਹ ਦੇਸ਼ ਦੀਆਂ ਭਾਵਨਾਵਾਂ ਅਤੇ ਮਾਣ ਦਾ ਖ਼ਿਆਲ ਰੱਖਦਿਆਂ ਇਸ ਸ਼ੋਅ ਵਿਚ ਨਾ ਜਾਣ।

ਇਸ ਦੌਰਾਨ ਦਿਲਜੀਤ ਦੁਸਾਂਝ ਨੇ ਟਵੀਟ ਕਰ ਕੇ ਦੱਸਿਆ ਕਿ ਹਿਊਸਟਨ ਵਿਚ 21 ਸਤੰਬਰ ਨੂੰ ਹੋਣ ਵਾਲੇ ਸ਼ੋਅ ਬਾਰੇ ਉਨ੍ਹਾਂ ਨੂੰ ਫੈਡਰੇਸ਼ਨ ਤੋਂ ਅਜੇ ਕੋਈ ਜਾਣਕਾਰੀ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਹਿੱਤ ਵਿੱਚ ਹੀ ਉਨ੍ਹਾਂ ਦਾ ਹਿਤ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸਮਝੌਤਾ ਸਿਰਫ਼ ਸ੍ਰੀ ਬਾਲਾਜੀ ਐਂਟਰਟੇਨਮੈਂਟ ਕੰਪਨੀ ਨਾਲ ਹੈ, ਪਰ ਫੈਡਰੇਸ਼ਨ ਦੇ ਪੱਤਰ ਦੀ ਗੱਲ ਸਾਹਮਣੇ ਆਉਣਉੱਤੇ ਮੈਂ ਹਿਊਸਟਨ ਵਿੱਚ ਹੋਣ ਵਾਲਾ ਆਪਣਾ ਸ਼ੋਅ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਹੈ।

ਐੱਫ ਡਬਲਿਊ ਆਈ ਸੀ ਈ ਨੇ ਆਪਣੇ ਪੱਤਰ ਵਿਚ ਇਹ ਵੀ ਦਾਅਵਾ ਕੀਤਾ ਹੈ ਕਿ ਅਦਾਕਾਰ ਸੈਫ ਅਲੀ ਖ਼ਾਨ ਤੇ ਗਾਇਕਾ ਸ਼ੇਆ ਘੋਸ਼ਾਲ ਵਰਗੇ ਕਲਾਕਾਰ ਸਿੱਦੀਕੀ ਦੇ ਕਹਿਣਉੱਤੇ ਅਮਰੀਕਾ ਵਿਚ ਪ੍ਰੋਗਰਾਮ ਕਰਨ ਚੱਲੇ ਹਨ, ਸਾਡੀ ਉਨ੍ਹਾਂ ਸਾਰੇ ਭਾਰਤੀ ਕਲਾਕਾਰਾਂ ਨੂੰ ਅਪੀਲ ਹੈ ਕਿ ਉਹ ਇਸ ਮੌਕੇ ਪੈਸੇ ਨੂੰ ਪਹਿਲ ਨਾ ਦੇਣ ਅਤੇ ਪਾਕਿਸਤਾਨੀ ਨਾਗਰਿਕਾਂ ਤੇ ਕਲਾਕਾਰਾਂ ਨਾਲ ਪੂਰੀ ਦੁਨੀਆ ਵਿਚ ਕਿਤੇ ਵੀ ਕੰਮ ਨਾ ਕਰਨ।ਐੱਫ ਡਬਲਿਊ ਆਈ ਸੀ ਈ ਨੇ ਬੀਤੀ ਤਿੰਨ ਸਤੰਬਰ ਨੂੰ ਵਿਦੇਸ਼ ਮੰਤਰਾਲੇ ਨੂੰ ਵੀ ਪੱਤਰ ਲਿਖ ਕੇ ਕਿਹਾ ਸੀ ਕਿ ਅਮਰੀਕਾ ਵਿਚ ਦਿਲਜੀਤ ਦੁਸਾਂਝ ਦਾ ਪ੍ਰੋਗਰਾਮ ਰੋਕਣ ਲਈ ਉਨ੍ਹਾਂ ਦਾ ਵੀਜ਼ਾ ਰੱਦ ਕਰਾਇਆ ਜਾਵੇ। ਵਰਨਣ ਯੋਗ ਹੈ ਕਿ ਇਕ ਮਹੀਨਾ ਪਹਿਲਾਂ ਗਾਇਕ ਮੀਕਾ ਸਿੰਘ ਵੱਲੋਂ ਕਰਾਚੀ ਵਿੱਚ ਇਕ ਵਿਆਹ ਵਿਚ ਪ੍ਰੋਗਰਾਮ ਕਰਨਉੱਤੇਐੱਫ ਡਬਲਿਊ ਆਈ ਸੀ ਈ ਨੇ ਉਸਉੱਤੇ ਪਾਬੰਦੀ ਲਾ ਦਿੱਤੀ ਸੀ, ਪਰ ਮੀਕਾ ਸਿੰਘ ਵੱਲੋਂ ਮਾਫ਼ੀ ਮੰਗਣ ਪਿੱਛੋਂ ਇਸ ਫ਼ੈਸਲੇ ਨੂੰ ਵਾਪਸ ਲੈ ਲਿਆ ਸੀ।

# ਡਰੱਗ ਮਾਫੀਆ ਨੈੱਟਵਰਕ ਵਿਰੁੱਧ ਪੰਜਾਬ 'ਚ ਦਿੱਲੀ ਟੀਮ ਦਾ ਵੱਡਾ ਐਕਸ਼ਨ

ਜਲੰਧਰ, 11 ਸਤੰਬਰ, (ਪੋਸਟ ਬਿਊਰੋ)- ਇੰਟਰਨੈਸ਼ਨਲ ਡਰੱਗ ਮਾਫੀਆ ਦਾ ਨੈੱਟਵਰਕਤੋੜਨ ਲਈ ਨਾਰਕੋਟਿਕਸ ਕੰਟਰੋਲ ਬਿਊਰੋ ਦੀਆਂ ਦਿੱਲੀ, ਅੰਮ੍ਰਿਤਸਰ, ਚੰਡੀਗੜ੍ਹ ਤੋਂ ਆਈਆਂ ਟੀਮਾਂ ਨੇ ਥਾਣਾ 4 ਦੇ ਇਸਲਾਮਾਬਾਦ ਮੁਹੱਲੇ ਵਿੱਚਡੀ ਐੱਸ ਸੋਢੀ ਦੇ ਘਰ ਛਾਪਾ ਮਾਰ ਕੇ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥ ਫੜੇ ਅਤੇ ਮਕਾਨ ਮਾਲਕ ਅਕਸ਼ਬਿੰਦਰ ਸਿੰਘ ਸੋਢੀ ਨੂੰ ਅੰਮ੍ਰਿਤਸਰ ਤੋਂ ਫੜ ਕੇ ਦੇਰ ਰਾਤ ਜਲੰਧਰ ਲਿਆਉਣ ਪਿੱਛੋਂਉਸ ਤੋਂ ਪੁੱਛਗਿੱਛ ਕਰ ਰਹੀ ਹੈ।

ਇਸ ਦੌਰਾਨ ਜਾਣਕਾਰ ਸੂਤਰਾਂ ਨੇ ਦੱਸਿਆ ਕਿ ਅਕਸ਼ਬਿੰਦਰ ਸਿੰਘ ਸੋਢੀ ਨੂੰ ਜਦੋਂ ਫੜਿਆ ਗਿਆ, ਉਹ ਸ਼ਹਿਰ ਛੱਡ ਕੇ ਭੱਜਣ ਲਈ ਤਿਆਰ ਸੀ। ਛਾਪੇ ਦੌਰਾਨ ਸੋਢੀ ਦੇ ਘਰੋਂ 150 ਗ੍ਰਾਮ ਕੋਕੀਨ, 300 ਕੈਪਸੂਲ, 300 ਗ੍ਰਾਮ ਨਸ਼ੀਲਾ ਪਾਊਡਰ, 117 ਗ੍ਰਾਮ ਚਿੱਟਾ, 97 ਗ੍ਰਾਮ ਹਸ਼ੀਸ਼ ਆਇਲ ਮਿਲਿਆ ਸੀ। ਪਤਾ ਲੱਗਾ ਹੈ ਕਿ ਦਿੱਲੀ ਦੀ ਟੀਮ ਨੂੰ ਕੈਨੇਡਾ ਤੋਂ ਆਏ ਪਾਰਸਲ ਤੋਂ 16



ਕਿਲੋ ਕੋਕੀਨ ਮਿਲੀ ਹੈ। ਇਹ ਪਾਰਸਲ ਜਲੰਧਰ ਦੇ ਅਲੀ ਪੁਲੀ ਮੁਹੱਲੇ ਵਿੱਚ ਰਹਿਣ ਵਾਲੇ ਯੋਗੇਸ਼ ਨੂੰ ਡਿਲਿਵਰ ਹੋਣਾ ਸੀ, ਜਿਸ ਨੇ ਸੋਢੀ ਨੂੰਦੱਸਿਆ ਸੀ। ਟੀਮ ਨੇ ਕਈ ਹੋਰ ਥਾਂਵਾਂ ਤੋਂ ਵੀ ਨਸ਼ੀਲਾ ਪਦਾਰਥ ਫੜਿਆ ਅਤੇ ਸੋਢੀ ਦੇ ਦੂਜੇ ਸਾਥੀ ਸ਼ਿਵ ਸੈਨਾ ਨੇਤਾ ਨੂੰ ਨਾਮਜ਼ਦ ਕੀਤਾ ਹੈ, ਜਿਸ ਨੂੰ ਫੜਨ ਲਈ ਛਾਪੇਮਾਰੀ ਚੱਲ ਰਹੀ ਹੈ।

ਦਿੱਲੀ ਟੀਮ ਜਾਂਚ ਕਰ ਰਹੀ ਹੈ ਕਿ ਜਿਵੇਂ ਸੋਢੀ ਨੇ ਆਪਣੇ ਨਾਂ ਅਤੇ ਜਲੰਧਰ ਵਾਲੇ ਪਤੇਉੱਤੇ ਪਾਰਸਲ ਵਿੱਚ ਨਸ਼ੇ ਦਾ ਪਦਾਰਥ ਮੰਗਵਾਇਆ ਸੀ।ਉਹ ਇਸ ਤੋਂ ਪਹਿਲਾਂ ਵੀ ਕਈ ਵਾਰ ਪਾਰਸਲ ਮੰਗਵਾ ਚੁੱਕਾ ਹੈ, ਪਰਇਸਵਿੱਚ ਡਰੱਗ ਦੀ ਸਪਲਾਈ ਬਾਰੇ ਪੁਲਸ ਨੂੰ ਪਤਾ ਨਹੀਂ ਸੀ।ਟੀਮ ਦੇ ਮੁਤਾਬਕਇਸ ਡਰੱਗ ਰੈਕੇਟ ਦਾ ਭੇਦ ਖੋਲ੍ਹਣ ਲਈ ਨਾਰਕੋਟਿਕਸ ਕੰਟਰੋਲ ਬਿਊਰੋ ਦਿੱਲੀ ਅਤੇ ਐੱਸ ਟੀ ਐੱਫ ਦੀਆਂ ਟੀਮਾਂ ਜਾਂਚ ਕਰ ਰਹੀਆਂ ਹਨ ਅਤੇ ਪਾਰਸਲ ਭਿਜਵਾਉਣ ਵਾਲੀਆਂ ਕੰਪਨੀਆਂ ਤੋਂ ਵੀ ਪੁੱਛਗਿੱਛ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਉਕਤ ਟੀਮਾਂ ਨੇ ਜਦੋਂ ਸੋਢੀ ਦੇ ਘਰ ਛਾਪਾ ਮਾਰਿਆ ਤਾਂ ਉਹ ਫਰਾਰ ਹੋ ਚੁੱਕਾ ਸੀ, ਜਿਸ ਨੂੰ ਫੜਨ ਲਈ ਪੁਲਸ ਨੇ ਕਿਰਾਏਦਾਰ ਨੂੰ ਉਸ ਦੇ ਵਟਸਐਪ ਨੰਬਰਉੱਤੇ ਕਾਲ ਕਰਕੇ ਪੁੱਛਣ ਨੂੰ ਕਿਹਾ, ਪਰ ਕਿਰ-ਾਏਦਾਰ ਨੂੰ ਕੁਝ ਦੱਸਣ ਦੀ ਥਾਂ ਸੋਢੀ ਗੱਲਾਂ ਵਿੱਚ ਘੁਮਾ ਕੇ ਵਾਰ-ਵਾਰ ਕਹਿੰਦਾ ਰਿਹਾ ਕਿ 3-4 ਦਿਨਾਂ ਤੱਕ ਆਵੇਗਾ। ਵਟਸਐਪ ਕਾਲ ਰਾਹੀਂ ਸੋਢੀ ਦੀ ਲੋਕੇਸ਼ਨ ਟਰੇਸ ਨਹੀਂ ਸੀ ਹੋ ਸਕੀ। ਕਾਫੀ ਦੇਰ ਬਾਅਦ ਪੁਲਸ ਨੇ ਲੋਕੇਸ਼ਨ ਟਰੇਸ ਕਰਕੇ ਉਸ ਨੂੰ ਅੰਮ੍ਰਿਤਸਰੋਂ ਜਾ ਫੜਿਆ।ਮੁਹੱਲਾ ਵਾਸੀਆਂ ਨੇ ਦੱਸਿਆ ਕਿ ਸੋਢੀ ਦਾ ਪਰਿਵਾਰ ਆਸਟਰੇਲੀਆ ਵਿੱਚ ਸੀ, ਉਹ ਖੁਦ ਵੀ ਓਥੇ ਗਿਆ ਸੀ, ਪਰ ਡਿਪੋਰਟ ਹੋਣ ਪਿੱਛੋਂ ਗੋਆ ਚਲਾ ਗਿਆ ਸੀ, ਜਿੱਥੋਂ ਉਸ ਨੇ ਇਹ ਗਲਤ ਕਾਰੋਬਾਰ ਸ਼ੁਰੂ ਕੀਤਾ ਸੀ। ਸੋਢੀ ਦੀ ਆਪਣੇ ਇਕਲੌਤੇ ਭਰਾ ਨਾਲ ਨਹੀਂ ਬਣਦੀ ਅਤੇਵੱਖ ਰਹਿੰਦਾ ਹੈ। ਪਤਾ ਲੱਗਾ ਹੈ ਕਿ ਲਗਭਗ 27 ਸਾਲ ਪਹਿਲਾਂ ਇਹ ਪਰਿਵਾਰ ਜਾਅਲੀ ਕਰੰਸੀ ਲਈ ਵੀ ਫੜਿਆ ਜਾ ਚੁੱਕਾ ਹੈ।

# ਫਾਰੂਕ ਅਬਦੁੱਲਾ ਦੇ ਪੱਖ ਵਿੱਚ ਤਾਮਿਲ ਆਗੂ ਦੀ ਸੁਪਰੀਮ ਕੋਰਟ ਵਿੱਚ ਪਟੀਸ਼ਨ



ਫਾਈਲ ਫੋਟੋ

ਨਵੀਂ ਦਿੱਲੀ, 11 ਸਤੰਬਰ, (ਪੋਸਟ ਬਿਊਰੋ)- ਤਾਮਿਲ ਨਾਡੂ ਤੋਂ ਰਾਜ ਸਭਾ ਦੇ ਮੈਂਬਰ ਵਾਈਕੋ ਨੇ ਸੁਪਰੀਮ ਕੋਰਟ ਵਿੱਚ ਬੰਦੀ ਪੇਸ਼ੀਕਰਨ ਪਟੀਸ਼ਨ ਦਾਖ਼ਲ ਕਰ ਕੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੂੰ ਕੋਰਟ ਵਿੱਚ ਪੇਸ਼ ਕੀਤੇ ਜਾਣ ਦੀ ਮੰਗ ਕੀਤੀ ਹੈ। ਨਾਲ ਹੀ ਉਨ੍ਹਾਂ ਨੇ ਇਸ ਪਟੀਸ਼ਨ ਵਿੱਚਅਬ-ਦੁੱਲਾ ਨੂੰ 15 ਸਤੰਬਰ ਨੂੰ ਤਾਮਿਲਨਾਡੂ ਵਿੱਚ ਹੋਣ ਵਾਲੇ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਛੋਟ ਦੇਣ ਦੀ ਮੰਗ ਵੀ ਕੀਤੀ ਹੈ।

ਅੱਜ ਬੁੱਧਵਾਰ ਨੂੰ ਇਹ ਪਟੀਸ਼ਨ ਪੇਸ਼ ਕਰਦੇ ਹੋਏ ਐੱਮਡੀ ਐੱਮਕੇ ਪਾਰਟੀ ਦੇ ਜਨਰਲ ਸਕੱਤਰ ਤੇ ਰਾਜਸਭਾ ਮੈਂਬਰ ਵਾਈਕੋ ਨੇ ਕਿਹਾ ਕਿ ਉਹ ਹਰ ਸਾਲ ਤਾਮਿਲਨਾਡੂ ਦੇ ਸਾਬਕਾ ਮੁੱਖ ਮੰਤਰੀ ਅੰਨਾਦੁਰਾਈ ਦੀ ਯਾਦ ਵਿੱਚ ਇਕ ਕਾਨਫਰੰਸ ਰੱਖਦੇ ਹਨ, ਜਿਸ ਵਿੱਚ ਵੱਖ-ਵੱਖ ਪਾਰਟੀਆਂ ਦੇ ਨੇਤਾ ਸੱਦੇ ਜਾਂਦੇ ਹਨ ਤੇ ਉਹ ਪ੍ਰੋਗਰਾਮ ਵਿਚ ਆਉਂਦੇ ਹਨ। ਇਸ ਸਾਲ 15 ਸਤੰਬਰ ਨੂੰ ਇਹ ਕਾਨਫਰੰਸ ਹੋਣੀ ਹੈ। ਵਾਈਕੋ ਨੇ ਕਿਹਾ ਕਿ ਉਨ੍ਹਾਂ ਨੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੂੰ ਇਸ ਵਾਰ ਸੱਦਾ ਦਿੱਤਾ ਹੈ ਅਤੇ ਚਾਰ ਅਗਸਤ ਨੂੰ ਫਾਰੂਕ ਅਬਦੁੱਲਾ ਨੇ ਇਸ ਵਿੱਚਆਉਣਦੀ ਸਹਿਮਤੀ ਪ੍ਰਗਟਾਈ ਸੀ, ਪਰ ਉਸ ਤੋਂ ਬਾਅਦ ਕੋਸ਼ਿਸ਼ ਕਰਨਉੱਤੇ ਵੀ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

ਤਾਮਿਲ ਆਗੂ ਵਾਈਕੋ ਨੇ ਕਿਹਾ ਕਿ ਫਾਰੂਕ ਅਬਦੁੱਲਾ ਉਨ੍ਹਾਂ ਦੇ ਪੁਰਾਣੇ ਦੋਸਤ ਹਨ ਤੇ ਉਨ੍ਹਾਂ ਦੇ ਪ੍ਰੋਗਰਾਮਾਂ ਵਿੱਚਪਹਿਲਾਂ ਵੀ ਸ਼ਾਮਲ ਹੁੰਦੇ ਰਹੇ ਹਨ। ਪਤਾ ਲੱਗਾ ਹੈ ਕਿ ਵਾਈਕੋ ਨੇ 29 ਅਗਸਤ ਨੂੰ ਸਰਕਾਰ ਨੂੰ ਚਿੱਠੀ ਲਿਖ ਕੇ ਫਾਰੂਕ ਅਬਦੁੱਲਾ ਨੂੰ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੇਣ ਦੀ ਇਜਾਜ਼ਤ ਮੰਗੀ ਸੀ, ਪਰ ਸਰਕਾਰ ਕੋਈ ਜਵਾਬ ਨਹੀਂ ਦਿੱਤਾ।

# ਪਾਕਿਸਤਾਨੀ ਤਾਲਿਬਾਨ ਦਾ ਮੁਖੀ ਨੂਰ ਵਲੀ ਮਸੂਦ ਅਮਰੀਕਾ ਨੇ ਗਲੋਬਲ ਅੱਤਵਾਦੀ ਐਲਾਨਿਆ

ਵਾਸ਼ਿੰਗਟਨ, 11 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਨੇ ਪਾਕਿਸਤਾਨ ਵਿੱਚ ਸਰਗਰਮ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਦੇ ਮੁਖੀ ਨੂਰ ਵਲੀ ਉਰਫ਼ ਮੁਫ਼ਤੀ ਨੂਰ ਵਲੀ ਮਸੂਦ ਨੂੰ ਸੰਸਾਰ ਅੱਤਵਾਦੀ ਐਲਾਨ ਕਰ ਦਿੱਤਾ ਹੈ। ਪਾਕਿਸਤਾਨੀ ਤਾਲਿਬਾਨ ਦੇ ਨਾਂ ਨਾਲ ਬਦਨਾਮ ਇਸ ਜਥੇਬੰਦੀ ਨੇ ਕਈ ਆਤਮਘਾਤੀ ਹਮਲੇ ਕੀਤੇ ਹਨ, ਜਿਨ੍ਹਾਂ ਵਿੱਚ ਸੈਂਕੜੇ ਲੋਕ ਮਾਰੇ ਗਏ ਹਨ। ਅਮਰੀਕਾ ਟੀਟੀਪੀ ਨੂੰ ਪਹਿਲਾਂ ਸੰਸਾਰ ਅੱਤਵਾਦੀ ਜਥੇਬੰਦੀ ਐਲਾਨ ਕਰ ਚੁੱਕਾ ਹੈ, ਪਰ ਤਾਜ਼ਾ ਫੈਸਲੇ ਨਾਲ ਇਸ ਦੇ ਮੁਖੀ ਨੂਰ ਵਲੀ ਮਸੂਦ ਨੂੰ ਵੀ ਅੱਤਵਾਦੀ ਐਲਾਨ ਕਰ ਦਿੱਤਾ ਹੈ।



ਇਸ ਬਾਰੇਅਮਰੀਕੀ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਪਿਛਲੇ ਸਾਲ ਜੂਨ ਵਿਚ ਟੀਟੀਪੀ ਦੇ ਮੁਖੀ ਮੁੱਲਾ ਫਜ਼ਲੁੱਲਾ ਦੇ ਮਰਨਪਿੱਛੋਂ ਨੂਰ ਵਲੀ ਨੇ ਇਸ ਅੱਤਵਾਦੀ ਟੋਲੇ ਦੀ ਕਮਾਨ ਸਾਂਭੀ ਸੀ। ਵਿਦੇਸ਼ ਮੰਤਰਾਲੇ ਨੇ ਅਲਕਾਇਦਾ ਨਾਲ ਜੁੜੇ ਸੀਰੀਆ-ਹੁਰਰਸ ਅਲ-ਦੀਨ ਨੂੰ ਵੀ ਸੰਸਾਰ ਅੱਤਵਾਦੀ ਜਮਾਤ ਐਲਾਨ ਕੀਤਾ ਹੈ ਅਤੇ ਹਿਜਬੁੱਲਾ, ਹਮਾਸ, ਫਲਸਤੀਨ ਇਸਲਾਮਿਕ ਜਿਹਾਦ, ਇਸਲਾਮਿਕ ਸਟੇਟ (ਆਈ ਐੱਸ), ਆਈ ਐੱਸ-ਫਿਲੀਪੀਨਸ, ਆਈ ਐੱਸ-ਵੈਸਟ ਅਫਰੀਕਾ ਆਦਿ ਕੁੱਲ 12 ਅੱਤਵਾਦੀ ਜਥੇਬੰਦੀਆਂ ਦੇ ਮੁਖੀਆਂ ਨੂੰ ਸੰਸਾਰ ਅੱਤਵਾਦੀ ਐਲਾਨਿਆ ਹੈ। ਇਨ੍ਹਾਂ ਜਥੇਬੰਦੀਆਂ ਦੇ 14 ਹੋਰ ਮੈਂਬਰਾਂ ਨੂੰ ਵੀ ਸੰਸਾਰ ਅੱਤਵਾਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਸਾਲ 2007 ਵਿਚ ਬੈਤੁੱਲਾ ਮਹਿਸੂਦ ਦੀ ਅਗਵਾਈ ਵਿਚ 13 ਅੱਤਵਾਦੀ ਜਥੇਬੰਦੀਆਂ ਨੇ ਆਪਸੀ ਸਾਂਝ ਨਾਲ ਟੀਟੀਪੀ ਬਣਾਇਆ ਸੀ। ਸਾਲ 2014 ਵਿੱਚ ਟੀਟੀਪੀ ਨੇ ਪੇਸ਼ਾਵਰ ਦੇ ਮਿਲਟਰੀ ਸਕੂਲਉੱਤੇ ਹਮਲਾ ਕੀਤਾ ਅਤੇ ਇਸ ਵਿੱਚ 150 ਤੋਂ ਵੱਧ ਲੋਕ ਮਾਰੇ ਸਨ। ਸਾਲ 2016 ਵਿਚ ਬਾਸ਼ਾ ਖ਼ਾਨ ਯੂਨੀਵਰਸਿਟੀਉੱਤੇ ਹਮਲੇ ਵਿਚ 30 ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮਾਰ ਦਿੱਤਾ ਗਿਆ ਸੀ। ਸਾਲ 2007 ਵਿਚ ਰਾਵਲਪਿੰਡੀ ਵਿਚ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਕਤਲ ਲਈ ਵੀ ਏਸੇ ਗਰੁੱਪ ਨੂੰ ਜ਼ਿੰਮੇਵਾਰ ਮੰਨਿਆ ਗਿਆ ਸੀ।

**Paramjit Deol** Broker
**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

**Your neighborhood broker, Call Paramjit Deol Today**

**MISSISSAUGA $975** — Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000** — Photo Not Available — 27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000** — 23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000** — 1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000** — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000** — Photo Not Available — 1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000** — Photo Not Available — 77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000** — 17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900** — 7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000** — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000** — Photo Not Available — 470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000** — 23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000** — 5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000** — 693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000** — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000** — 32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਨੇ ਸੈਕਸ ਸ਼ੋਸ਼ਣ ਕੇਸ ਰਫ਼ਾ-ਦਫ਼ਾ ਕਰਨ ਬਾਰੇ ਮੁਆਫੀ ਮੰਗੀ

ਵੇਲਿੰਗਟਨ, 11 ਸਤੰਬਰ, (ਪੋਸਟ ਬਿਊਰੋ)- ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਆਪਣੀ ਪਾਰਟੀ ਵੱਲੋਂ ਇੱਕ ਸੈਕਸ ਸ਼ੋਸ਼ਣ ਕੇਸ ਨੂੰ ਰਫ਼ਾ-ਦਫ਼ਾ ਕਰਨ ਬਾਰੇ ਮਾਫ਼ੀ ਮੰਗੀ ਹੈ। ਲੇਬਰ ਪਾਰਟੀ ਦੀ ਇਕ ਮੁਲਾਜ਼ਮ ਨੇ ਪਿਛਲੇ ਸਾਲ ਪਾਰਟੀ ਦੇ ਇਕ ਸੀਨੀਅਰ ਆਗੂ ਉੱਤੇਇਸ ਬਾਰੇ ਦੋਸ਼ ਲਾਏ ਸਨ।

ਸਾਲ 2017 ਵਿੱਚਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਪਿੱਛੋਂ ਇਹ ਆਰਡਰਨ ਸਰਕਾਰ ਉੱਤੇ ਲੱਗਣ ਵਾਲਾ ਸਭ ਤੋਂ ਗੰਭੀਰ ਦੋਸ਼ ਹੈ। ਉਨ੍ਹਾਂ ਨੇ ਮੰਨਿਆ ਕਿ ਉਨ੍ਹਾਂ ਤੋਂ ਗ਼ਲਤੀਆਂ ਹੋਈਆਂ ਹਨ। ਜੈਸਿੰਡਾ ਆਰਡਰਨ ਨੇ ਇਕ ਬਿਆਨ ਵਿੱਚ ਕਿਹਾ ਕਿ ਇਸ ਕੇਸ ਨੂੰ ਜਿਸ ਤਰ੍ਹਾਂ ਹਲਕੇਢੰਗ ਨਾਲ ਲਿਆ ਗਿਆ, ਉਹ ਸਚਮੁਚ ਪਰੇਸ਼ਾਨ ਕਰਨ ਵਾਲਾ ਹੈ।

ਵਰਨਣ ਯੋਗ ਹੈ ਕਿ ਇੱਕ 19 ਸਾਲਾ ਲੜਕੀ ਨੇ ਪਿਛਲੇ ਸਾਲ ਦੋਸ਼ ਲਾਇਆ ਸੀ ਕਿ ਪਾਰਟੀ ਦੇ ਸੀਨੀਅਰ ਆਗੂ ਨੇ ਉਸ ਦੇ ਘਰਆ ਕੇ ਉਸ ਦਾ ਸੈਕਸ ਸ਼ੋਸ਼ਣ ਕੀਤਾ ਸੀ। ਇਸ ਕੁੜੀ ਨੇ ਪਿਛਲੇ ਸਾਲ ਅਕਤੂਬਰ ਵਿੱਚ ਇਹ ਸ਼ਿਕਾਇਤ ਲੇਬਰ ਪਾਰਟੀ ਦੇ ਪ੍ਰਧਾਨ ਨਿਗੇਲ ਹਾਵਰਥ ਨੂੰ ਕੀਤੀ ਸੀ, ਜਿਸ ਪਿੱਛੋਂ ਪਾਰਟੀਨੇ ਅੰਦਰੂਨੀ ਜਾਂਚ ਕਰਾਈ, ਪਰ ਦੋਸ਼ੀ ਦੇ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਗਈ ਤੇ ਹਾਵਰਥ ਨੇ ਪਿਛਲੇ ਮੰਗਲਵਾਰ ਕਿਹਾ ਸੀ ਕਿ ਸ਼ਿਕਾਇਤਕਰਤਾ ਕੁੜੀ ਨੇ ਉਨ੍ਹਾਂ ਨੂੰ



ਦੋਸ਼ਾਂ ਦੀ ਗੰਭੀਰਤਾ ਤੋਂ ਜਾਣੂ ਨਹੀਂ ਕਰਾਇਆ।ਪੀੜਤਾ ਲੜਕੀ ਦਾ ਨਾਂ ਜਨਤਕ ਨਹੀਂ ਕੀਤਾ ਗਿਆ। ਉਸ ਨੇ ਈਮੇਲ ਤੇ ਦਸਤਾਵੇਜ਼ ਮੀਡੀਆ ਸਾਹ-ਮਣੇ ਪੇਸ਼ ਕਰ ਕੇ ਹਾਵਰਥ ਦਾ ਬਿਆਨ ਰੱਦ ਕਰ ਦਿੱਤਾ ਤੇ ਹੋਰ ਕਾਰਕੁਨਾਂ ਨੇ ਵੀ ਉਸ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਉਸ ਦੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਨਿਗੇਲ ਹਾਵਰਥ, ਜਿਸ ਨੂੰ ਪ੍ਰਧਾਨ ਮੰਤਰੀ ਆਰਡਨਰ ਦੀ ਜਿੱਤ ਦਾ ਹੀਰੋ ਮੰਨਿਆ ਜਾਂਦਾ ਹੈ, ਨੇ ਅਸਤੀਫ਼ਾ ਦੇ ਦਿੱਤਾ ਹੈ। ਪ੍ਰਧਾਨ ਮੰਤਰੀ ਆਰਡਰਨ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਕੇਸ ਇੰਨੀ ਗੰਭੀਰਤਾ ਨਾਲ ਨਹੀਂ ਦੱਸਿਆ ਗਿਆ। ਉਨ੍ਹਾਂ ਕਿਹਾ, 'ਮੈਨੂੰ ਦੱਸਿਆ ਗਿਆ ਕਿ ਇਹ ਕੇਸ ਸੈਕਸ ਸ਼ੋਸ਼ਣ ਦਾ ਨਹੀਂ, ਪਰ ਪਿੱਛੋਂ ਜੋ ਦੱਸਿਆ ਗਿਆ ਹੈ, ਉਹ ਇਸ ਤੋਂ ਬਿਲਕੁਲ ਉਲਟ ਹੈ। ਇਸ ਦੀ ਜਾਂਚ ਲਈ ਇਕ ਵਕੀਲ ਨਿਯੁਕਤ ਕੀਤਾ ਗਿਆ ਹੈ।' ਉਨ੍ਹਾਂ ਕਿਹਾ ਕਿ ਉਹ ਸ਼ਿਕਾਇਤ ਕਰਨ ਵਾਲੀ ਲੜਕੀ ਨੂੰ ਮਿਲਣਾ ਅਤੇ ਯਕੀਨ ਦਿਵਾਉਣਾ ਚਾਹੁੰਦੀ ਹੈ ਕਿ ਉਸ ਨੂੰ ਨਿਆਂ ਜ਼ਰੂਰ ਮਿਲੇਗਾ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



ਖਰਸਿਟੇ ਧੁਨਚਅਨ ਨੇ ਆਉਣ ਵਾਲੀ ਚੋਣਾਂ ਲਈ ਤਿਆਰੀਆਂ ਕਰ ਦੀਆਂ ਹਨ। ਪਿੱਛਲੇ ਸ਼ਨਿਸ਼ਰਵਾਰ ,7 ਸਤੰਬਰ ਨੂੰ 1421 ਖਪਿਲਨਿਗ੍ਦ 'ਤੇ ਆਪਣਾ ਦਫਤਰ ਖੋਲ੍ਹਿਆ। ਜਿਸ ਵਿਚ ਟਰੰਟੋ ਦੇ ਐੱਮ.ਐੱਲ.ਏ. ਤੇ ਐੱਮ.ਪੀਜ਼ ਤੇ ਸੈਂਕੜੇ ਲੋਕਾਂ ਨੇ ਹਾਜ਼ਰੀ ਲਵਾਈ।

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵੱਲੋਂ ਪ੍ਰੋ. ਔਜਲਾ ਨਾਲ ਰੂ-ਬ-ਰੂ



ਹੇਵਰਡ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ): ਪੰਜਾਬ ਤੋਂ ਕੈਲੀਫੋਰਨੀਆ ਦੌਰੇ ਤੇ ਆਏ ਪ੍ਰੋ.ਸੰਤੋਖ ਸਿੰਘ ਔਜਲਾ ਨਾਲ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਫੇਵਰਟ ਇੰਡੀਆ ਰੈਸਟੋਰੈਂਟ ਹੇਵਰਡ ਵਿਖੇ ਕਰਵਾਇਆ ਗਿਆ ਰੂ ਬ ਰੂ ਬਹੁਤ ਪ੍ਰਭਾਵਸ਼ਾਲੀ ਰਿਹਾ। ਇਸ ਸਮਾਗਮ ਦੇ ਸ਼ੁਰੂ ਵਿਚ ਅਕੈਡਮੀ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਪ੍ਰਧਾਨਗੀ ਮੰਡਲ ਵਿਚ ਪ੍ਰੋਸੰਤੋਖ ਸਿੰਘ ਔਜਲਾ, ਜਨਮੇਜਾ ਸਿੰਘ ਜੌਹਲ, ਡਾ.ਸੁਖਪਾਲ ਸੰਘੇੜਾ ਅਤੇ ਕਮਲ ਦੇਵ ਪਾਲ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਅਕੈਡਮੀ ਦੇ ਪ੍ਰਧਾਨ ਪ੍ਰੋ.ਸੁਰਿੰਦਰ ਸੀਰਤ ਨੇ ਸਭ ਨੂੰ ਜੀਅ ਆਇਆਂ ਕਿਹਾ। ਇਸ ਰੂ ਬ ਰੂ ਦੌਰਾਨ ਪ੍ਰੋ.ਸੰਤੋਖ ਸਿੰਘ ਔਜਲਾ ਦੇ ਪਲੇਠੇ ਨਾਵਲ 'ਰੌਸਨੀਆਂ ਦਾ ਬਾਗ਼ਬਾਨ' ਉੱਪਰ ਰੌਚਿਕ ਚਰਚਾ ਹੋਈ। ਲਾਜ ਨੀਲਮ ਸੈਣੀ ਨੇ ਨਾਵਲ ਦੇ ਬੈਕ ਪੇਜ ਤੇ ਪਦਮ ਸ਼੍ਰੀ ਸੁਰਜੀਤ ਪਾਤਰ ਵਲੋਂ ਲਿਖੇ ਸ਼ਬਦ ਪੜ੍ਹਦੇ ਕਿਹਾ ਕਿ 'ਰੌਸਨੀਆਂ ਦਾ ਬਾਗ਼ਬਾਨ'ਬਹੁਪਰਤੀ ਸਭਿਆਚਾਰਕ ਸੰਕਟ ਨਾਲ ਦੋ ਚਾਰ ਹੋ ਰਹੇ ਪੰਜਾਬੀ ਸਮਾਜ ਦੀ ਮਾਨਸਿਕਤਾ ਦੀ ਇਕ ਸੁੰਦਰ ਪੇਸ਼ਕਾਰੀ ਹੈ। ਪ੍ਰੋ.ਸੁਖਵਿੰਦਰ ਕੰਬੋਜ ਨੇ ਕਿਹਾ ਕਿ 'ਰੌਸਨੀਆਂ ਦਾ ਬਾਗ਼ਬਾਨ' ਬਦਲਦੇ ਰਿਸ਼ਤਿਆਂ ਦੀ ਕਹਾਣੀ ਇਕ ਐਸੀ ਜੀਵਨ ਜਾਚ ਰਾਹੀਂ ਦੱਸਦਾ ਹੈ, ਜੋ ਹਰ ਮੁਨੱਖ ਦੀ ਆਦਰਸ਼ ਤਾਂਘ ਹੁੰਦੀ ਹੈ। ਇਸ ਉਪਰੰਤ ਪ੍ਰੋ.ਹਰਿੰਦਰਜੀਤ ਸਿੰਘ ਦਾ ਪੇਪਰ ਪੜ੍ਹਦੇ ਹੋਏ ਪ੍ਰੋ.ਬਲਜਿੰਦਰ ਸਿੰਘ ਨੇ ਕਿਹਾ ਕਿ ਪ੍ਰੋ.ਸੰਤੋਖ ਸਿੰਘ ਔਜਲਾ ਵਲੋਂ ਇਸ ਨਾਵਲ ਦੀ ਭਾਸ਼ਾ ਦੀ ਬੁਣਤੀ ਅਤੇ ਬਣਤਰ ਬਹੁਤ ਸੁਚੱਜੇ ਢੰਗ ਨਾਲ ਕੀਤੀ ਗਈ ਹੈ। ਅੱਜ ਦੇ ਸਮੇਂ ਵਿਚ ਸੰਵੇਦਨਸ਼ੀਲ, ਆਦਰਸ਼ਵਾਦੀ ਅਤੇ ਪਵਿੱਤਰ ਰੂਹ ਵਾਲੇ ਇਨਸਾਨ ਜੇ ਕਰ ਆਪਣੇ ਢੰਗ ਨਾਲ ਜੀਵਨ ਜੀਊਣਾ ਚਾਹੁਣ ਤਾਂ ਉਹ ਤਾਰ-ਤਾਰ ਹੋ ਕੇ ਰਹਿ ਜਾਂਦੇ ਹਨ। ਪ੍ਰੋ.ਔਜਲਾ ਨੇ ਸਮਾਜ ਦੇ ਇਸ ਸੱਚ ਨੂੰ ਸਮਾਜ ਦੇ ਸਨਮੁਖ ਕਰਨ ਦੇ ਉਦੇਸ਼ ਨਾਲ ਲਿਖੇ ਇਸ ਨਾਵਲ ਨਾਲ ਪੰਜਾਬੀ ਸਾਹਿਤ ਵਿਚ ਇਕ ਵੱਖਰੀ ਪੈੜ ਬਣਾਈ ਹੈ। ਜਨਮੇਜਾ ਸਿੰਘ ਜੌਹਲ ਨੇ ਕਿਹਾ ਕਿ ਸਮਾਜ ਵਿਚ ਤਬਦੀਲੀ ਲਿਆਉਣ ਲਈ ਅਜਿਹੀਆਂ ਹੋਰ ਪੁਸਤਕਾਂ ਲਿਖਣ ਦੀ ਲੋੜ ਹੈ। ਇਸ ਉਪਰੰਤ ਪ੍ਰੋ.ਸੰਤੋਖ ਸਿੰਘ ਔਜਲਾ ਹਾਜ਼ਰ ਸਰੋਤਿਆਂ ਦੇ ਸਨਮੁਖ ਹੋਏ ਅਤੇ ਉਨ੍ਹਾਂ ਇਸ ਨਾਵਲ ਦੀ ਸਿਰਜਣ ਪ੍ਰਕਿਰਿਆ ਦੀ ਗੱਲ ਕਰਦੇ ਕਿਹਾ ਕਿ ਇਸ ਨਾਵਲ ਦਾ ਜਨਮ ਕਹਾਣੀ ਦੇ ਇਕ ਪਲਾਟ ਤੋਂ ਹੋਇਆ ਹੈ। ਇਸ ਨਾਵਲ ਨੂੰ ਲਿਖਦੇ ਵਕਤ ਬੇਸ਼ਕ ਉਨ੍ਹਾਂ ਕੋਲ ਪਰਵਾਸ ਦਾ ਤਜ਼ਰਬਾ ਨਹੀਂ ਸੀ ਪਰ ਉਨ੍ਹਾਂ ਪਰਵਾਸ ਦੀ ਜਾਣਕਾਰੀ ਲੈ ਕੇ ਇਸ ਨਾਵਲ ਨੂੰ ਮੁਕੰਮਲ ਕੀਤਾ। ਇਸ ਨਾਵਲ ਨੂੰ ਪੰਜਾਬ ਵਿਚ ਭਰਵਾਂ ਹੁੰਗਾਰਾ ਵੀ ਮਿਲਿਆ। ਦੂਜੇ ਸੈਸ਼ਨ ਵਿਚ ਵਿਪਸਾ ਵਲੋਂ ਪ੍ਰੋ.ਔਜਲਾ ਨੂੰ ਸਨਮਾਨ ਪੱਤਰ ਅਤੇ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਗੋਲਡਨ ਪੰਜਾਬ ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਨੇ ਆਪਣੀ ਟੀਮ ਨਾਲ ਪ੍ਰੋ.ਸਾਹਿਬ ਨੂੰ ਲੋਈ ਭੇਟ ਕੀਤੀ। ਤੀਜੇ ਸੈਸ਼ਨ ਵਿਚ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਪ੍ਰੋ.ਸੰਤੋਖ ਸਿੰਘ ਔਜਲਾ ਦੀ ਫਰਮਾਇਸ਼ ਤੇ ਸ਼ਿਵ ਕੁਮਾਰ ਬਟਾਲਵੀ, ਧਨੀ ਰਾਮ ਚਾਤ੍ਰਿਕ, ਸੁਰਜੀਤ ਪਾਤਰ, ਕੁਲਵਿੰਦਰ ਅਤੇ ਕਮਲ ਦੇਵ ਪਾਲ ਦੀਆਂ ਲਿਖੀਆਂ ਗ਼ਜ਼ਲਾਂ ਅਤੇ ਗੀਤਾਂ ਨਾਲ ਇਸ ਮਹਿਫ਼ਲ ਨੂੰ ਮੰਤਰ ਮੁਗਧ ਕੀਤਾ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਕੁਲਵਿੰਦਰ, ਪ੍ਰਿੰਸੀਪਲ ਹਜ਼ੂਰਾ ਸਿੰਘ, ਗੁਲਸ਼ਨ ਦਿਆਲ, ਰੇਸ਼ਮ ਸਿੱਧੂ, ਅਮ੍ਰਿਤਪਾਲ ਸਿੰਘ, ਸੁਰਜੀਤ ਸਿੰਘ ਬਸਰਾ, ਸੈਮ ਸੈਨਫਰਾਂਸਿਸਕੋ, ਸਰਬਜੀਤ ਕੌਰ ਚੀਮਾ, ਗੁਰਲਾਲ ਸਿੰਘ ਟਰੇਸੀ, ਜਗਵਿੰਦਰ ਸਿੰਘ, ਪ੍ਰੋ.ਸੁਖਦੇਵ ਸਿੰਘ ਕਾਤਰੋਂ, ਦਰਸ਼ਨ ਸਿੰਘ ਗਿੱਲ, ਜਸਵੰਤ ਸਿੰਘ ਸਰਾ, ਬਿਕਰਮਜੀਤ ਸਿੰਘ, ਹਰਦੀਪ ਸਿੰਘ ਔਜਲਾ ਅਤੇ ਪ੍ਰੀਤਮ ਸਿੰਘ ਚੀਮਾ ਸ਼ਾਮਿਲ ਹੋਏ। ਅਗ਼ਲੇ ਪੜਾਅ ਚ ਪ੍ਰੋ.ਸੰਤੋਖ ਸਿੰਘ ਔਜਲਾ ਜੋ "ਟੀ ਵੀ ਸਕੂਲ " ਫਾਊਡੇਸ਼ਨ ਦੇ ਪ੍ਰਬੰਧਕ ਵੀ ਹਨ ਪ੍ਰਤੀ 14 ਸਤੰਬਰ ਨੂੰ ਸ਼ਾਮ 7 ਵਜੇ ਸੈਕਰਾਮੈਂਟੋ ਦੇ ਮਿਰਾਜ ਬੈਂਕੁਟ ਹਾਲ ਵਿੱਚ ਵਿਸ਼ੇਸ਼ ਸਮਾਗਮ ਵੀ ਕਰਵ-ਾਇਆ ਜਾ ਰਿਹਾ ਹੈ।

# ਚੇਅਰਮੈਨ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਨੇ ਉਦਯੋਗਿਕ ਫੋਕਲ ਪੁਆਇੰਟ ਮੋਗਾ ਦਾ ਕੀਤਾ ਦੌਰਾ

## 9.71 ਕਰੋੜ ਰੁਪਏ ਦੀ ਲਾਗਤ ਨਾਲ ਫੋਕਲ ਪੁਆਇੰਟ ਦੇ ਬੁਨਿਆਦੀ ਢਾਂਚੇ ਨੂੰ ਕੀਤਾ ਜਾਵੇਗਾ ਮਜ਼ਬੂਤ : ਗੋਗੀ



ਮੋਗਾ, 11 ਸਤੰਬਰ (ਗਿਆਨ ਸਿੰਘ):ਗੁਰਪ੍ਰੀਤ ਸਿੰਘ ਗੋਗੀ ਚੇਅਰਮੈਨ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਨੇ ਅੱਜ ਸਥਾਨਕ ਉਦਯੋਗਿਕ ਫੋਕਲ ਪੁਆਇੰਟ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋ ਉਦਯੋਗਿਕ ਫੋਕਲ ਪੁਆਇੰਟ ਦੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਲਈ 9.71 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਜਲਦ ਹੀ ਇਸ ਸਬੰਧੀ ਕੰਮ ਸ਼ੁਰੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਰਾਸ਼ੀ ਨਾਲ ਫੋਕਲ ਪੁਆਇੰਟ ਦੀਆਂ ਸਾਰੀਆਂ ਸੜਕਾਂ ਨੂੰ 22 ਫੁੱਟ ਚੌੜਾ ਤੇ ਮਜ਼ਬੂਤ ਕੀਤਾ ਜਾਵੇਗਾ। ਇਸ ਤੋ ਇਲਾਵਾ ਫੋਕਲ ਪੁਆਇੰਟ ਦੀਆਂ ਬਾਹਰੀ ਦੀਵਾਰਾਂ, ਸਟਰੀਟ ਲਾਈਟਾਂ, ਸੀਵਰੇਜ ਦਾ ਕੰਮ ਅਤੇ ਫੋਕਲ ਪੁਆਇੰਟ ਨੂੰ ਹਰਾ ਭਰਾ ਬਣਾਉਣ ਲਈ ਵੱਡੀ ਗਿਣਤੀ ਵਿੱਚ ਪੌਦੇ ਲਗਾਏ ਜਾਣਗੇ। ਇਸ ਮੌਕੇ ਐਸ.ਪੀ.ਵੀ. ਦੇ ਪ੍ਰਧਾਨ ਸੁਭਾਸ਼ ਗਰੋਵਰ ਨੇ ਸ਼੍ਰੀ ਗੁਰਪ੍ਰੀਤ ਸਿੰਘ ਗੋਗੀ ਨੂੰ ਫੋਕਲ ਪੁਆਇੰਟ ਦੀਆਂ ਦਰਪੇਸ਼ ਸਮੱਸਿਆਵਾਂ ਬਾਰੇ ਜਾਣੂੰ ਕਰਵ-ਾਇਆ, ਜਿਸ ਤੇ ਉਨ੍ਹਾਂ ਉਦਯੋਗਾਂ ਨੂੰ ਪੇਸ਼ ਆਉਦੀਆਂ ਸਮੱਸਿਆਵਾਂ ਦਾ ਜਲਦ ਨਿਪਟਾਰਾ ਕਰਨ ਦਾ ਭਰੋਸਾ ਵੀ ਦਿਵਾਇਆ।

# ਭਾਰਤ ਵਿੱਚ 120 ਲੋਕਾਂ ਦੇ ਸੀਨਿਆਂ ਵਿੱਚ ਨਕਲੀ ਦਿਲ ਧੜਕਦੈ

ਕੋਲਕਾਤਾ, 11 ਸਤੰਬਰ (ਪੋਸਟ ਬਿਊਰੋ)- ਭਾਰਤ ਵਿੱਚ ਇਸ ਵੇਲੇ 120 ਲੋਕ ਅਜਿਹੇ ਹਨ ਜਿਹੜੇ ਬਣਾਉਟੀ ਦਿਲ ਦੀਆਂ ਧੜਕਣਾਂ ਨਾਲ ਜੀਅ ਰਹੇ ਹਨ। ਅਜਿਹੇ ਵਿਰਲੇ ਲੋਕਾਂ 'ਚੋਂ ਇਕ ਕੋਲਕਾਤਾ ਦੇ ਸੰਤੋਸ਼ ਦੂਗੜ (63) ਪਿਛਲੇ ਦਸ ਸਾਲ ਤੋਂ ਮਸ਼ੀਨੀ ਦਿਲ ਨਾਲ ਜੀਅ ਰਹੇ ਹਨ ਅਤੇ ਉਹ ਬਣਾਉਟੀ ਦਿਲ ਨਾਲ ਏਨੇ ਲੰਬੇ ਸਮੇਂ ਤੱਕ ਜੀਵਿਤ ਰਹਿਣ ਵਾਲੇ ਗਿਣੇ ਚੁਣੇ ਭਾਰਤੀਆਂ 'ਚ ਸ਼ਾਮਲ ਗਿਣੇ ਜਾਂਦੇ ਹਨ। ਇਹ ਮਸ਼ੀਨ ਦਿਲ ਵਾਂਗ ਕੰਮ ਕਰਦੀ ਹੈ ਤੇ ਉਨ੍ਹਾਂ ਮਰੀਜ਼ਾਂ ਨੂੰ ਲਾਈ ਜਾਂਦੀ ਹੈ, ਜਿਨ੍ਹਾਂ ਨੂੰ ਹਾਰਟ ਟਰਾਂਸਪਲਾਂਟ ਦੀ ਲੋੜ ਪੈਂਦੀ ਹੈ।

ਸੰਤੋਸ਼ ਦੇ ਸਰੀਰ ਵਿੱਚ 2009 'ਚ ਬਣਾਉਟੀ ਦਿਲ ਟਰਾਂਸਪਲਾਂਟ ਕੀਤਾ ਗਿਆ ਸੀ। ਉਸ ਨੂੰ 2000 'ਚ ਪਤਾ ਲੱਗਾ ਕਿ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਹੈ। ਉਦੋਂ ਡਾਕਟਰਾਂ ਦੀ ਸਲਾਹ 'ਤੇ ਲੈਫਟ ਵੈਂਟ੍ਰੀਕਿਊਲਰ ਅਸਿਸਟ ਡਿਵਾਈਸ ਲਾਈ ਗਈ ਸੀ। ਇਸ ਮਸ਼ੀਨ ਦੀ ਸਭ ਤੋਂ ਵੱਡੀ ਖਾਮੀ ਇਹ ਹੈ ਕਿ ਇਸ ਦਾ ਇਕ ਬੈਗ ਲੈ ਕੇ ਚੱਲਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਕਿਉਂਕਿ ਇਹ ਮਸ਼ੀਨ ਟਾਈਟੇਨੀਅਮ ਦੀ ਬਣੀ ਹੈ, ਇਸ ਲਈ ਮਰੀਜ਼ ਕਦੀ ਐਮ ਆਰ ਆਈ ਸਕੈਨ ਨਹੀਂ ਕਰਵਾ ਸਕਦਾ, ਪਰ ਇਸ 'ਚ ਦਵਾਈ ਖਾਣ 'ਤੇ ਕੋਈ ਰੋਕ ਨਹੀਂ। ਸੰਤੋਸ਼ ਇਸ ਮਸ਼ੀਨ ਦਾ ਧੰਨਵਾਦ ਕਰਦੇ ਹਨ, ਜਿਸ ਕਾਰਨ ਉਹ ਆਮ ਜ਼ਿੰਦਗੀ ਜੀਅ ਰਹੇ ਹਨ। ਇਸ ਮਸ਼ੀਨੀ ਦਿਲ ਦਾ ਨਾਂ 'ਹਾਰਟ ਮੇਟ 2' ਹੈ, ਜਿਹੜਾ ਕਮਜ਼ੋਰ ਦਿਲ 'ਚ ਖ਼ੂਨ ਪੰਪ ਕਰਨ ਦੀ ਕਿਰਿਆ ਚਲਾਉਂਦਾ ਹੈ। ਇਸ ਨੂੰ ਮਰੀਜ਼ ਦੇ ਦਿਲ ਦੇ ਕੋਲ ਇੰਪਲਾਂਟ ਕੀਤਾ ਜਾਂਦਾ ਹੈ।

# ਢੇਸੀ ਨੇ ਜ਼ਿਲ੍ਹਾ ਪੁਲਿਸ ਮੁਖੀ ਦਾ ਅਹੁਦਾ ਸੰਭਾਲਿਆ





ਫ਼ਰੀਦਕੋਟ, 11 ਸਤੰਬਰ (ਗਿਆਨ ਸਿੰਘ): ਮਨਜੀਤ ਸਿੰਘ ਢੇਸੀ ਪੀ ਪੀ ਐਸ ਨੇ ਫ਼ਰੀਦਕੋਟ ਦੇ ਜ਼ਿਲ੍ਹਾ ਪੁਲਿਸ ਮੁਖੀ ਦਾ ਅਹੁਦਾ ਸੰਭਾਲ ਲਿਆ ਹੈ। ਵਰਨਣਯੋਗ ਹੈ ਕਿ ਢੇਸੀ ਇਸ ਤੋਂ ਪਹਿਲਾਂ ਐਸ.ਐਸ.ਪੀ ਸ਼੍ਰੀ ਮੁਕਤਸਰ ਸਾਹਿਬ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾਂ ਨੂੰ ਪੁਲਿਸ ਪ੍ਰਸ਼ਾਸ਼ਨ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਜੀ ਆਇਆ ਕਿਹਾ ਗਿਆ ਅਤੇ ਪੁਲਿਸ ਦੀ ਟੁਕੜੀ ਵੱਲੋਂ ਗਾਰਡ ਆਫ਼ ਆੱਨਰ ਪੇਸ਼ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਫ਼ਰੀਦਕੋਟ ਦੀ ਪਵਿੱਤਰ ਧਰਤੀ ਨੂੰ ਨਸ਼ਾ ਮੁਕਤ ਕਰਨਾ ਉਨ੍ਹਾਂ ਦੀ ਪਹਿਲੀ ਤਰਜ਼ੀਹ ਹੋਵੇਗੀ । ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਵੀ ਕਿਹਾ ਕਿ ਆਮ ਲੋਕਾਂ ਨਾਲ ਦੋਸਤਾਨਾਂ ਸਬੰਧ ਬਣਾ ਕੇ ਰੱਖੇ ਜਾਣ ਤਾਂ ਜੋ ਆਮ ਲੋਕ ਬਿਨਾਂ ਕਿਸੇ ਝਿਜਕ ਤੋਂ ਸਮਾਜ ਵਿਰੋਧੀ ਅਨਸਰਾਂ ਬਾਰੇ ਪੁਲਿਸ ਨੂੰ ਸੂਚਿਤ ਕਰ ਸਕਣ। ਢੇਸੀ ਨੇ ਕਿਹਾ ਕਿ ਇਹ ਉਨ੍ਹਾਂ ਲਈ ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਨੂੰ ਬਤੌਰ ਜ਼ਿਲ੍ਹਾ ਪੁਲਿਸ ਮੁਖੀ ਵਜੋਂ ਆਪਣੀਆਂ ਸੇਵਾਵਾਂ ਫ਼ਰੀਦਕੋਟ ਦੀ ਪਵਿੱਤਰ ਧਰਤੀ ਤੇ ਨਿਭਾਉਣ ਦਾ ਮੌਕਾ ਹਾਸਲ ਹੋਇਆ। ਉਨ੍ਹਾਂ ਕਿਹਾ ਕਿ ਬਾਬਾ ਸ਼ੇਖ ਫ਼ਰੀਦ ਜੀ ਦੇ ਮੇਲੇ ਦੌਰਾਨ ਪੁਖ਼ਤਾ ਸੁਰੱਖਿਆ ਪ੍ਰਬੰਧ ਕੀਤੇ ਜਾਣਗੇ ਅਤੇ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਐਸ ਪੀ (ਹੈਡਕੁਆਟਰ) ਭੁਪਿੰਦਰ ਸਿੰਘ ਫਰੀਦਕੋਟ , ਐਸ ਪੀ (ਡੀ) ਸੇਵਾ ਸਿੰਘ ਮੱਲੀ , ਡੀ ਐਸ ਪੀ (ਡੀ) ਜਸਤਿੰਦਰ ਸਿੰਘ,ਡੀ ਐਸ ਪੀ ਅਵਤਾਰ ਚੰਦ, ਡੀ ਐਸ ਪੀ ਬਲਕਾਰ ਸਿੰਘ ਕੋਟਕਪੂਰਾ ਆਦਿ ਤੋਂ ਇਲਾਵਾ ਦਫ਼ਤਰੀ ਅਮਲਾ ਵੀ ਹਾਜ਼ਰ ਸੀ।

# ਸਿਰਫ 19 ਫੀਸਦੀ ਕਾਰੋਬਾਰੀ ਨਵੀਆਂ ਨੌਕਰੀਆਂ ਦੇ ਸਕਦੇ ਹਨ

ਨਵੀਂ ਦਿੱਲੀ, 11 ਸਤੰਬਰ (ਪੋਸਟ ਬਿਊਰੋ)- ਦੁਨੀਆ 'ਚ ਆਰਥਿਕ ਮੰਦੀ ਦੌਰਾਨ ਭਾਰਤ 'ਚ 19 ਫੀਸਦੀ ਕਾਰੋਬਾਰੀ ਹੀ ਨਵੇਂ ਲੋਕਾਂ ਨੂੰ ਨੌਕਰੀ ਦੇਣ ਦੀ ਯੋਜਨਾ ਬਣਾ ਰਹੇ ਹਨ, ਜਦ ਕਿ 52 ਫੀਸਦੀ ਮਾਲਕਾਂ ਨੂੰ ਆਪਣੇ ਮੁਲਾਜ਼ਮਾਂ 'ਚ ਕਿਸੇ ਤਰ੍ਹਾਂ ਦੀ ਤਬਦੀਲੀ ਦੀ ਆਸ ਨਹੀਂ ਨਜ਼ਰ ਆ ਰਹੀ।

ਸੰਸਾਰ ਪੱਧਰ ਦੀ ਸੰਸਥਾ ਮੈਨਪਾਵਰ ਗਰੁੱਪ ਐਂਪਲਾਇਮੈਂਟ ਆਊਟਲੁੱਕ ਨੇ ਇਹ ਅਧਿਐਨ ਰਿਪੋਰਟ ਕੱਲ੍ਹ ਜਾਰੀ ਕੀਤੀ ਹੈ। ਇਸ ਅਧਿਐਨ ਵਿੱਚ ਭਾਰਤ ਵਿੱਚੋਂ 5131 ਕਾਰੋਬਾਰੀ ਮਾਲਕਾਂ ਨਾਲ ਅਕਤੂਬਰ ਦਸੰਬਰ ਦੀ ਤਿਮਾਹੀ ਦੌਰਾਨ ਵਿੱਤ ਅਤੇ ਨਵੀਆਂ ਨੌਕਰੀਆਂ ਦੀ ਸੰਭਾਵਨਾ ਬਾਰੇ ਗੱਲਬਾਤ ਕੀਤੀ ਗਈ ਸੀ। ਗੱਲਬਾਤ ਦੌਰਾਨ ਸਿਰਫ 19 ਫੀਸਦੀ ਕਾਰੋਬਾਰੀ ਮਾਲਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਮੁਲਾਜ਼ਮ ਵਧਣ ਦੀ ਆਸ ਹੈ, 52 ਫੀਸਦੀ ਨੇ ਕਿਹਾ ਕਿ ਉਨ੍ਹਾਂ ਦੇ ਕਾਮਿਆਂ ਦੀ ਗਿਣਤੀ 'ਚ ਕਿਸੇ ਤਬਦੀਲੀ ਦੀ ਆਸ ਨਹੀਂ। ਇਨ੍ਹਾਂ ਤੋਂ ਇਲਾਵਾ 28 ਫੀਸਦੀ ਕਾਰੋਬਾਰੀ ਮਾਲਕਾਂ ਨੇ ਕਿਹਾ ਕਿ ਮੌਜੂਦਾ ਕਾਮਿਆਂ ਦੀ ਗਿਣਤੀ 'ਚ ਵਾਧੇ ਬਾਰੇ ਉਹ ਕੁਝ ਨਹੀਂ ਕਹਿ ਸਕਦੇ। ਹਲਕੇ ਅੰਕੜਿਆਂ ਦੇ ਬਾਵਜੂਦ ਅਗਲੇ ਤਿੰਨ ਮਹੀਨਿਆਂ ਵਿੱਚ ਨਵੀਆਂ ਨੌਕਰੀਆਂ ਪੈਦਾ ਕਰਨ ਬਾਰੇ ਭਾਰਤ ਦੁਨੀਆ ਵਿੱਚ ਚੌਥੇ ਨੰਬਰ 'ਤੇ ਰਿਹਾ ਹੈ। ਅਗਲੀ ਤਿਮਾਹੀ 'ਚ ਨਵੀਆਂ ਨੌਕਰੀਆਂ ਦੀ ਯੋਜਨਾ ਵਿੱਚ ਜਾਪਾਨ ਪਹਿਲੇ, ਤਾਇਵਾਨ ਦੂਜੇ ਅਤੇ ਅਮਰੀਕਾ ਤੀਜੇ ਨੰਬਰ ਉਤੇ ਰਿਹਾ ਹੈ। ਜਾਪਾਨ 'ਚ 26 ਫੀਸਦੀ ਮਾਲਕਾਂ ਨੇ ਅਗਲੀ ਤਿਮਾਹੀ 'ਚ ਨਵੇਂ ਲੋਕਾਂ ਨੂੰ ਨੌਕਰੀ ਦੇਣ ਦੀ ਆਪਣੀ ਯੋਜਨਾ ਬਾਰੇ ਦੱਸਿਆ। ਇਸ ਤੋਂ ਤਾਇਵਾਨ 'ਚ 21 ਫੀਸਦੀ, ਅਮਰੀਕਾ 'ਚ 20 ਫੀਸਦੀ ਨੇ ਕਿਹਾ ਕਿ ਅਗਲੀ ਤਿਮਾਹੀ ਦੌਰਾਨ ਉਨ੍ਹਾਂ ਦੀ ਨਵੇਂ ਲੋਕਾਂ ਨੂੰ ਨੌਕਰੀ 'ਤੇ ਰੱਖਣ ਦੀ ਯੋਜਨਾ ਹੈ।












# 42ਵੀਂ ਪਾਰਲੀਆਮੈਂਟ ਭੰਗ, ਚੋਣ ਮੁਹਿੰਮ ਲਈ ਰਾਹ ਹੋਇਆ ਪੱਧਰਾ

...ਪੰਨਾ 1 ਦਾ ਬਾਕੀ

ਨੈਨੋਜ਼ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਅਨੁਸਾਰ ਕੈਂਪੇਨ ਵਿੱਚ ਲਿਬਰਲਾਂ ਨੂੰ ਮਾਮੂਲੀ ਲੀਡ ਮਿਲੀ ਹੋਈ ਹੈ। ਉਨ੍ਹਾਂ ਨੂੰ 34.6 ਫੀ ਸਦੀ ਲੋਕਾਂ ਵੱਲੋਂ ਪਸੰਦ ਕੀਤਾ ਜਾ ਰਿਹਾ ਹੈ। ਕੰਜ਼ਰਵੇਟਿਵਾਂ ਦੇ ਸਮਰਥਕਾਂ ਦੀ ਗਿਣਤੀ 30.7 ਫੀ ਸਦੀ ਹੈ ਜਦਕਿ ਐਨਡੀਪੀ 16.6 ਫੀ ਸਦੀ ਨਾਲ ਤੀਜੇ ਸਥਾਨ ਉੱਤੇ ਅਤੇ ਗ੍ਰੀਨ ਪਾਰਟੀ 11 ਫੀ ਸਦੀ ਨਾਲ ਚੌਥੇ ਸਥਾਨ ਉੱਤੇ ਹੈ। ਬਲਾਕ ਕਿਊਬਿਕੁਆ ਨੂੰ 4 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ ਤੇ ਪੀਪਲਜ਼ ਪਾਰਟੀ ਅਜੇ ਇੱਕ ਫੀ ਸਦੀ ਸਮਰਥਨ ਨਾਲ ਸੱਭ ਤੋਂ ਪਿੱਛੇ ਹੈ।

ਕੈਨੇਡੀਅਨਜ਼ ਇਸ ਗੱਲ ਨੂੰ ਲੈ ਕੇ ਵੀ ਵੰਡੇ ਹੋਏ ਹਨ ਕਿ ਕੀ ਸਰਕਾਰ ਬਦਲਣ ਦਾ ਸਮਾਂ ਆ ਗਿਆ ਹੈ ਜਾਂ ਨਹੀਂ। ਨੈਨੋਜ਼ ਰਿਸਰਚ ਦੇ ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ ਹਰ ਪੰਜਵੇਂ ਵਿਅਕਤੀ ਦਾ ਇਹ ਕਹਿਣਾ ਹੈ ਕਿ ਅਜੇ ਤੱਕ ਇਸ ਮੁੱਦੇ ਉੱਤੇ ਉਹ ਫੈਸਲਾ ਨਹੀਂ ਕਰ ਸਕੇ। ਪੋਲ-ਸਟਰ ਨਿੱਕ ਨੈਨੋਜ਼ ਦਾ ਕਹਿਣਾ ਹੈ ਕਿ ਮੁਕਾਬਲਾ ਕਾਫੀ ਜ਼ਬਰਦਸਤ ਨਜ਼ਰ ਆ ਰਿਹਾ ਹੈ। ਹਾਲ ਦੀ ਘੜੀ ਬਹੁਗਿਣਤੀ ਸਰਕਾਰ ਬਣਦੀ ਨਹੀਂ ਲੱਗ ਰਹੀ ਤੇ ਕਹਿਣ ਦਾ ਭਾਵ ਇਹ ਹੈ ਕਿ ਕੋਈ ਵੀ ਪਾਰਟੀ ਜਿੱਤ ਸਕਦੀ ਹੈ। ਇਲੈਕਸ਼ਨਜ਼ ਕੈਨੇਡਾ ਦਾ ਕਹਿਣਾ ਹੈ ਕਿ ਇੱਕ ਅੰਦਾਜ਼ੇ ਮੁਤਾਬਕ 2019 ਦੀ ਚੋਣ ਕੈਂਪੇਨ ਉੱਤੇ ਲੱਗਭਗ 500 ਮਿਲੀਅਨ ਡਾਲਰ ਖਰਚ ਆਵੇਗਾ।

ਚੋਣ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਟਰੂਡੋ ਨੇ ਆਖਿਆ ਕਿ ਹੁਣ ਸਾਰੇ ਕੈਨੇਡੀਅਨਾਂ ਲਈ ਅੱਗੇ ਵਧਣ ਦਾ ਸਮਾਂ ਆ ਗਿਆ ਹੈ ਤੇ ਜਿਹੋ ਜਿਹੀ ਜ਼ਿੰਦਗੀ ਉਹ ਜਿਊਣਾ ਚਾਹੁੰਦੇ ਹਨ ਉਸ ਲਈ ਉਨ੍ਹਾਂ ਨੂੰ ਉਸਾਰੂ ਸੋਚ ਨੂੰ ਅਪਨਾਉਣਾ ਚਾਹੀਦਾ ਹੈ ਜਾਂ ਫਿਰ ਗਲਤ ਫੈਸਲਾ ਕਰਕੇ ਉਹ ਹਾਰਪਰ ਯੁੱਗ ਵਿੱਚ ਜਾ ਸਕਦੇ ਹਨ। ਇਸ ਦੌਰਾਨ ਟਰੂਡੋ ਨੇ ਚਾਰ ਸਾਲਾਂ ਦੌਰਾਨ ਲਿਬਰਲਾਂ ਵੱਲੋਂ ਕੀਤੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਇਨ੍ਹਾਂ ਵਿੱਚ ਮੱਧ ਵਰਗ ਲਈ ਟੈਕਸਾਂ ਵਿੱਚ ਕਟੌਤੀਆਂ ਤੋਂ ਲੈ ਕੇ ਕੈਨੇਡਾ ਚਾਈਲਡ ਬੈਨੇਫਿਟ ਪਲੈਨ ਸ਼ਾਮਲ ਸੀ। ਟਰੂਡੋ ਅਨੁਸਾਰ ਇਸ ਪਲੈਨ ਸਦਕਾ 900,000 ਕੈਨੇਡੀਅਨਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ ਗਿਆ। ਇਸ ਦੇ ਨਾਲ ਹੀ ਟਰੂਡੋ ਨੇ ਨਾਫਟਾ ਡੀਲ, ਜਿਸ ਦੀ ਅਜੇ ਤੱਕ ਪੁਸ਼ਟੀ ਨਹੀਂ ਹੋਈ, ਦਾ ਜ਼ਿਕਰ ਵੀ ਕੀਤਾ ਗਿਆ। ਟਰੂਡੋ ਨੇ ਆਖਿਆ ਕਿ ਪਿਛਲੇ ਚਾਰ ਸਾਲਾਂ ਵਿੱਚ ਅਸੀਂ ਕਾਫੀ ਕੁੱਝ ਕੀਤਾ ਪਰ ਸੱਚਾਈ ਇਹ ਹੈ ਕਿ ਅਸੀਂ ਅਜੇ ਸ਼ੁਰੂਆਤ ਹੀ ਕੀਤੀ ਹੈ। ਰਿਡਿਊ ਹਾਲ ਦਾ ਦੌਰਾ ਕਰਨ ਤੋਂ ਪਹਿਲਾਂ ਟਰੂਡੋ ਆਪਣੀ ਪਤਨੀ ਸੋਫੀ ਗ੍ਰੈਗੌਇਰ ਨਾਲ ਆਪਣੇ ਤਿੰਨਾਂ ਬੱਚਿਆਂ ਨੂੰ ਸਕੂਲ ਛੱਡ ਕੇ ਆਏ। ਦੁਪਹਿਰ ਨੂੰ ਟਰੂਡੋ ਵੈਨਕੂਵਰ ਰਵਾਨਾ ਹੋ ਰਹੇ ਹਨ।

ਇਸ ਦੌਰਾਨ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਆਪਣੀ ਪਹਿਲੀ ਫੈਡਰਲ ਚੋਣ ਮੁਹਿੰਮ ਦੀ ਸ਼ੁਰੂਆਤ ਟਰੌਇਸ-ਰਿਵਿਏਰੇਜ਼, ਕਿਊਬਿਕ ਤੋਂ ਕੀਤੀ। ਧੁੰਦ ਕਾਰਨ ਉਨ੍ਹਾਂ ਨੂੰ ਪਹਿਲਾਂ ਕਿਊਬਿਕ ਉਤਰਨਾ ਪਿਆ ਤੇ ਫਿਰ ਉਹ ਬੱਸ ਰਾਹੀਂ ਰੈਲੀ ਵਾਲੀ ਥਾਂ ਉੱਤੇ ਪਹੁੰਚੇ। ਐਸਐਨਸੀ-ਲਾਵਾਲਿਨ ਸਕੈਂਡਲ ਦਾ ਜ਼ਿਕਰ ਵੀ ਸ਼ੀਅਰ ਨੇ ਕੀਤਾ ਤੇ ਆਖਿਆ ਕਿ ਅਗਲੇ ਪੰਜ ਹਫਤਿਆਂ ਵਿੱਚ ਅਸੀਂ ਆਪਣੇ ਨਜ਼ਰੀਏ ਤੋਂ ਕੈਨੇਡੀਅਨਾਂ ਨੂੰ ਜਾਣੂ ਕਰਾਵਾਂਗੇ ਤੇ ਦੱਸਾਂਗੇ ਕਿ ਕੈਨੇਡੀਅਨਾਂ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਲਈ ਸਾਡੀ ਕੀ ਯੋਜਨਾ ਹੈ। ਉਨ੍ਹਾਂ ਆਖਿਆ ਕਿ ਟਰੂਡੋ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਆਪਣੇ ਸਕੈਂਡਲਾਂ ਉੱਤੇ ਪਰਦਾ ਪਾਉਣ ਤੇ ਮੁੜ ਚੁਣੇ ਜਾਣ ਲਈ ਕੁੱਝ ਵੀ ਆਖਣਗੇ। ਸ਼ੀਅਰ ਨੇ ਕਿਊਬਿਕ ਪਹੁੰਚ ਕੇ ਇਸ ਕੈਂਪੇਨ ਦਾ ਆਪਣਾ ਪਹਿਲਾ ਰਸਮੀ ਭਾਸ਼ਣ ਵੀ ਦਿੱਤਾ ਤੇ ਸਵਾਲਾਂ ਦੇ ਜਵਾਬ ਵੀ ਦਿੱਤੇ।

ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਵੀ ਪਹਿਲੀ ਵਾਰੀ ਫੈਡਰਲ ਚੋਣਾਂ ਵਿੱਚ ਦਾਅਵੇਦਾਰ ਵਜੋਂ ਹਿੱਸਾ ਲਿਆ ਜਾ ਰਿਹਾ ਹੈ। ਹਾਲਾਂਕਿ ਚੋਣ ਸਰਵੇਖਣਾਂ ਦੇ ਹਿਸਾਬ ਨਾਲ ਐਨਡੀਪੀ ਨੂੰ ਤੀਜੀ ਥਾਂ ਲਈ ਮੁਕਾ-ਬਲਾ ਕਰਨਾ ਹੋਵੇਗਾ ਪਰ ਜਗਮੀਤ ਸਿੰਘ ਤੇ ਉਨ੍ਹਾਂ ਦੀ ਪਾਰਟੀ ਨੂੰ ਉਨ੍ਹਾਂ ਦੀ ਕੈਂਪੇਨਿੰਗ ਸਮਰੱਥਾ ਉੱਤੇ ਪੂਰਾ ਭਰੋਸਾ ਹੈ ਤੇ ਸਾਰੀ ਟੀਮ ਹੀ ਸਕਾਰ-ਾਤਮਕ ਰੌਂਅ ਵਿੱਚ ਹੈ। ਉਨ੍ਹਾਂ ਵੱਲੋਂ ਇਸ ਵਾਰੀ ਇਹ ਸਾਫ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਹੁਣ ਅਜਿਹੀ ਸਰਕਾਰ ਚੁਣਨ ਦਾ ਵੇਲਾ ਆ ਗਿਆ ਹੈ ਜਿਹੜੀ ਆਮ ਲੋਕਾਂ ਲਈ ਸਹੀ ਫੈਸਲੇ ਲਵੇ ਨਾ ਕਿ ਅਮੀਰਾਂ ਤੇ ਮੋਟੀ ਕਮਾਈ ਤੇ ਰਸੂਖ ਵਾਲਿਆਂ ਲਈ ਫੈਸਲੇ ਕਰਦੀ ਰਹੇ। ਜਗਮੀਤ ਸਿੰਘ ਨੇ ਆਖਿਆ ਕਿ ਅਸੀਂ ਆਪਣੇ ਸੁਪਨਿਆਂ ਦੇ ਕੈਨੇਡਾ ਦਾ ਨਿਰਮਾਣ ਕਰ ਸਕਦੇ ਹਾਂ, ਜਿਸ ਨੂੰ ਸਾਰੇ ਆਪਣਾ ਘਰ ਆਖ ਸਕਣ, ਜਿੱਥੇ ਸਾਰਿਆਂ ਲਈ ਹੈਲਥ ਕੇਅਰ ਹੋਵੇ, ਪੀਣ ਲਈ ਸਾਫ ਪਾਣੀ ਹੋਵੇ, ਸਾਹ ਲੈਣ ਲਈ ਸਾਫ ਹਵਾ ਹੋਵੇ, ਚੰਗੀਆਂ ਨੌਕਰੀਆਂ ਤੇ ਸੁਨਹਿਰਾ ਭਵਿੱਖ ਹੋਵੇ।

ਇਸ ਦੌਰਾਨ ਗ੍ਰੀਨ ਪਾਰਟੀ ਆਗੂ ਐਲਿਜ਼ਾਬੈੱਥ ਮੇਅ ਨੇ ਆਪਣੇ ਹਲਕੇ ਵਿਕਟੋਰੀਆ ਤੋਂ ਕੈਂਪੇਨ ਦੀ ਸ਼ੁਰੂਆਤ ਕੀਤੀ। ਮੇਅ ਨੇ ਆਖਿਆ ਕਿ ਕਲਾਈਮੇਟ ਚੇਂਜ ਵਰਗੇ ਮੁੱਦੇ ਲਈ ਕੁੱਝ ਕੀਤਾ ਜਾਣਾ ਬੇਹੱਦ ਜ਼ਰੂਰੀ ਹੈ ਤੇ ਅਸੀਂ ਲੋਕਾਂ ਨੂੰ ਡਰਾ ਨਹੀਂ ਰਹੇ ਸਗੋਂ ਆਸ ਬੰਨ੍ਹਾ ਰਹੇ ਹਾਂ ਕਿ ਅਜੇ ਵੀ ਸੱਭ ਕੁੱਝ ਸੰਵਰ ਸਕਦਾ ਹੈ। ਸਾਡੇ ਕੋਲ ਪੂਰੀ ਯੋਜਨਾ ਹੈ। ਅਸੀਂ ਅਜਿਹੇ ਵਾਅਦੇ ਨਹੀਂ ਕਰ ਰਹੇ ਜਿਨ੍ਹਾਂ ਨੂੰ ਪੂਰਾ ਨਾ ਕੀਤਾ ਜਾ ਸਕੇ। ਪੀਪਲਜ਼ ਪਾਰਟੀ ਦੇ ਆਗੂ ਮੈਕਸਿਮ ਬਰਨੀਅਰ ਆਪਣੀ ਪਹਿਲੀ ਫੈਡਰਲ ਚੋਣ ਮੁਹਿੰਮ ਦੀ ਸ਼ੁਰੂਆਤ ਟੋਰਾਂਟੋ ਤੋਂ ਕਰਨ ਜਾ ਰਹੇ ਹਨ। ਉਨ੍ਹਾਂ ਆਖਿਆ ਕਿ ਅਸੀਂ ਤਾਂ ਲੋਕਾਂ ਦਾ ਪੱਖ ਸੁਣ ਕੇ ਉਨ੍ਹਾਂ ਦੀ ਸੇਵਾ ਕਰਨ ਲਈ ਹੀ ਮੈਦਾਨ ਵਿੱਚ ਨਿੱਤਰੇ ਹਾਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹੜਤਾਲ ਬਾਰੇ ਫੈਸਲਾ ਲੈਣ ਲਈ ਓਨਟਾਰੀਓ ਐਲੀਮੈਂਟਰੀ ਸਕੂਲ ਟੀਚਰਜ਼ ਯੂਨੀਅਨ ਕਰਾਵੇਗੀ ਵੋਟ

...ਪੰਨਾ 1 ਦਾ ਬਾਕੀ

ਨਿਊਜ਼ ਰਲੀਜ਼ ਵਿੱਚ ਆਖਿਆ ਗਿਆ ਕਿ ਈਟੀਐਫਓ ਉਦੋਂ ਤੱਕ ਗੱਲਬਾਤ ਜਾਰੀ ਰੱਖੇਗਾ ਜਦੋਂ ਤੱਕ ਓਨਟਾਰੀਓ ਵਿੱਚ ਪਬਲਿਕ ਐਲੀਮੈਂਟਰੀ ਐਜੂਕੇਟਰਜ਼ ਲਈ ਸਹੀ ਤੇ ਜਾਇਜ਼ ਸਾਂਝਾ ਸਮਝੌਤਾ ਸਿਰੇ ਨਹੀਂ ਚੜ੍ਹ ਜਾਂਦਾ। ਈਟੀਐਫਓ, ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ (ਓਐਸਐਸਟੀਐਫ), ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸਿਏਸ਼ਨ (ਓਈਸੀਟੀਏ) ਤੇ 55,000 ਐਜੂਕੇਸ਼ਨ ਵਰਕਰਜ਼-ਜਿਨ੍ਹਾਂ ਦੀ ਨੁਮਾਇੰਦਗੀ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ (ਕਿਊਪ) ਕਰਦੀ ਹੈ, 31 ਅਗਸਤ ਤੋਂ ਕਾਂਟਰੈਕਟ ਖਤਮ ਹੋਣ ਕਾਰਨ ਬਿਨਾਂ ਕਾਂਟਰੈਕਟ ਦੇ ਹੀ ਹਨ।

23 ਸਤੰਬਰ ਤੋਂ ਕਿਊਪ ਕਾਨੂੰਨੀ ਤੌਰ ਉੱਤੇ ਹੜਤਾਲ ਕਰਨ ਦੀ ਸਥਿਤੀ ਵਿੱਚ ਹੋਵੇਗੀ। ਕਿਊਪ ਦੇ ਓਨਟਾਰੀਓ ਸਕੂਲ ਬੋਰਡ ਕਾਉਂਸਲ ਆਫ ਯੂਨੀਅਨਜ਼ ਦੀ ਪ੍ਰਧਾਨ ਲੌਰਾ ਵਾਲਟਨ ਨੇ ਦੱਸਿਆ ਕਿ ਦੋਵੇਂ ਧਿਰਾਂ ਅਜੇ ਕਿਸੇ ਡੀਲ ਦੇ ਨੇੜੇ ਤੇੜੇ ਵੀ ਨਹੀਂ ਢੁਕੀਆਂ।

## ਸੋਸ਼ਲ ਮੀਡੀਆ ਉੱਤੇ ਵਿਵਾਦ ਵਾਲੀ ਪੋਸਟ ਕਰਨ ਤੋਂ ਡਰਦੇ ਹਨ ਚਾਲੀ ਫੀਸਦੀ ਲੋਕ

ਮੁੰਬਈ, 11 ਸਤੰਬਰ (ਪੋਸਟ ਬਿਊਰੋ)- ਬੜੇ ਲੋਕ ਸੋਸ਼ਲ ਮੀਡੀਆ ਪ੍ਰੋਫਾਈਲ ਦਾ ਕਾਰੋਬਾਰੀ ਵਰਤੋਂ ਕਰਦੇ ਹਨ, ਪਰ ਚਾਲੀ ਫੀਸਦੀ ਭਾਰਤੀ ਲੋਕ ਇਸ ਗੱਲ 'ਤੇ ਸਹਿਮਤ ਹਨ ਕਿ ਸੋਸ਼ਲ ਮੀਡੀਆ 'ਤੇ ਵਿਵਾਦ ਵਾਲੀ ਸਮੱਗਰੀ ਪੋਸਟ ਕਰਨ 'ਤੇ ਉਨ੍ਹਾਂ ਨੂੰ ਉਨ੍ਹਾਂ ਦੀ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ।

ਸਾਈਬਰ ਸਕਿਓਰਿਟੀ ਕੰਪਨੀ ਮੈਕਆਫੀ ਵੱਲੋਂ ਕੱਲ੍ਹ ਜਾਰੀ ਕੀਤੇ ਗਏ ਖੋਜ ਨਤੀਜੇ ਦੇ ਮੁਤਾਬਕ ਚਿੰਤਾ ਜਨਕ ਰੂਪ ਵਿੱਚ ਨਿੱਜੀ ਜਾਣਕਾਰੀ ਅਤੇ ਤਸਵੀਰਾਂ ਦੀ ਭਰਮਾਰ ਹੋਣ ਦੇ ਬਾਵਜੂਦ ਭਾਰਤ ਵਿੱਚ ਅੱਧੇ ਤੋਂ ਵੱਧ ਯੂਜ਼ਰਜ਼ ਦੇ ਕੋਲ ਇੱਕ ਨਕਾਰਾ ਸੋਸ਼ਲ ਮੀਡੀਆ ਅਕਾਊਂਟ ਹੈ। ਇਸ ਦੇ ਨਾਲ 41 ਫੀਸਦੀ ਲੋਕਾਂ ਨੇ ਮੰਨਿਆ ਕਿ ਉਨ੍ਹਾਂ ਨੇ ਨਕਾਰਾ ਖਾਤੇ ਨੂੰ ਹਟਾਉਣ ਬਾਰੇ ਨਹੀਂ ਸੋਚਿਆ। ਮੈਕਆਫੀ ਇੰਡੀਆ ਦੇ ਵਾਈਸ ਪ੍ਰੈਜ਼ੀਡੈਂਟ ਵੈਂਕਟ ਕ੍ਰਿਸ਼ਨਪੁਰ ਨੇ ਕਿਹਾ, ਅਸੀਂ ਸਾਰਿਆਂ ਨੇ ਦੇਖਿਆ ਹੈ ਕਿ ਹਾਈ ਪ੍ਰੋਫਾਈਲ ਹਸਤੀਆਂ ਅਤੇ ਲੋਕਪ੍ਰਿਯ ਵਿਅਕਤੀਆਂ ਦੀ ਇਤਰਾਜ਼ ਯੋਗ ਸੋਸ਼ਲ ਮੀਡੀਆ ਪੋਸਟ ਸਾਲਾਂ ਬਾਅਦ ਵੀ ਉਭਰ ਆਉਂਦੀ ਹੈ ਅਤੇ ਉਨ੍ਹਾਂ ਦੀ ਮਾਣ-ਸਨਮਾਨ ਨੂੰ ਨੁਕਸਾਨ ਪਹੁੰਚਾਉਂਦੀ ਹੈ, ਪਰ ਇਹ ਮੁੱਦਾ ਕਿਸੇ ਨੂੰ ਵੀ ਪ੍ਰਭਾਵਤ ਕਰ ਸਕਦਾ ਹੈ। ਕ੍ਰਿਸ਼ਨਪੁਰ ਨੇ ਕਿਹਾ, ਆਪਣੇ ਸੋਸ਼ਲ ਮੀਡੀਆ ਅਕਾਊਂਟ ਨੂੰ ਨਿਯਮਤ ਰੂਪ ਤੋਂ ਕਲੀਨ ਕਰਨ ਨਾਲ ਕਾਰਪੋਰੇਟ ਸਨਮਾਨ 'ਤੇ ਨਕਾਰਾਤਮਕ ਪ੍ਰਭਾਵ ਨੂੰ ਘੱਟ ਕੀਤਾ ਜਾ ਸਕਦਾ ਹੈ। ਯੂਜ਼ਰ ਨੂੰ ਇਹ ਯਕੀਨੀ ਕਰਨ ਦੀ ਲੋੜ ਹੈ ਕਿ ਆਪਣੇ ਸਰਗਰਮ ਅਕਾਊਂਟ ਦੇ ਪ੍ਰਾਇਵੇਸੀ ਸੈਟਿੰਗਸ ਨੂੰ ਵਧਾਓ ਅਤੇ ਨਕਾਰਾ ਖਾਤਿਆਂ ਨੂੰ ਬੰਦ ਕਰਨ, ਜਿਸ ਕਾਰਨ ਸੂਚਨਾਵਾਂ ਗਲਤ ਹੱਥਾਂ ਵਿੱਚ ਨਾ ਜਾਣ। 25 ਫੀਸਦੀ ਤੋਂ ਵੱਧ ਲੋਕਾਂ ਨੇ ਮੰਨਿਆ ਕੀਤਾ ਕਿ ਉਨ੍ਹਾਂ ਨੇ ਸੰਕਟ ਵਿੱਚ ਫਸਣ ਕਾਰਨ ਪੋਸਟ ਨੂੰ ਡਿਲੀਟ ਕਰ ਦਿੱਤਾ ਅਤੇ 25.7 ਫੀਸਦੀ ਨੇ ਆਪਣੇ ਮੌਜੂਦਾ ਕੰਮ ਵਾਲੀ ਥਾਂ ਬਾਰੇ ਨਾਂਹ ਪੱਖੀ ਸਮੱਗਰੀ ਪੋਸਟ ਕਰਨ ਦੀ ਗੱਲ ਮੰਨੀ। ਖੋਜ ਦੇ ਲਈ ਮੈਕਆਫੀ ਨੇ ਭਾਰਤੀਆਂ ਦੇ ਸੋਸ਼ਲ ਮੀਡੀਆ ਹਾਈਜੀਨ ਨੂੰ ਬਣਾਈ ਰੱਖਣ ਦੇ ਦ੍ਰਿਸ਼ਟੀਕੋਣ ਦਾ ਸਰਵੇ ਕੀਤਾ। ਮੈਕਆਫੀ ਨੇ ਖੁਲਾਸਾ ਕੀਤਾ ਕਿ 21.4 ਫੀਸਦੀ ਭਾਰਤੀਆਂ ਨੂੰ ਆਪਣੀ ਸੋਸ਼ਲ ਮੀਡੀਆ ਸਮੱਗਰੀ ਤੋਂ ਕਰੀਅਰ, ਨੌਕਰੀ ਦੀਆਂ ਸੰਭਾਵਨਾਵਾਂ 'ਤੇ ਨਕਾਰਾਤਮਕ ਅਸਰ ਪੈਣ ਦੀ ਚਿੰਤਾ ਹੈ।

ਇਸ ਖੋਜ ਦੇ ਸਕਾਰਾਤਮਕ ਪੱਖ ਵਿੱਚ ਇਹ ਗੱਲ ਪਤਾ ਲੱਗੀ ਕਿ ਦੇਸ਼ ਵਿੱਚ 46.9 ਫੀਸਦੀ ਸੋਸ਼ਲ ਮੀਡੀਆ ਉਪਯੋਗ ਕਰਤਾ ਨਿੱਜੀ ਅਤੇ ਕੰਮ ਵਾਲੀ ਥਾਂ ਦੇ ਜੀਵਨ ਨੂੰ ਵੱਖ ਰੱਖਣਾ ਚਾਹੁੰਦੇ ਹਨ। ਇਸ ਵਿੱਚ ਸਾਹਮਣੇ ਆਇਆ ਕਿ 45-55 ਉਮਰ ਦੇ 35.6 ਫੀਸਦੀ ਦੀ ਤੁਲਨਾ ਵਿੱਚ 16-24 ਉਮਰ ਵਰਗ ਦੇ 41.1 ਫੀਸਦੀ ਲੋਕ ਆਪਣੇ ਸੋਸ਼ਲ ਮੀਡੀਆ ਸਮੱਗਰੀ ਨੂੰ ਪੋਸਟ ਅਤੇ ਟੈਗ ਕਰਦੇ ਹੋਏ ਬਹੁਤ ਸਾਵਧਾਨ ਰਹਿੰਦੇ ਹਨ।

## ਭੀੜ ਹੱਥੋਂ ਕਤਲ: ਤਬਰੇਜ਼ ਕੇਸ ਦੇ ਦੋਸ਼ੀਆਂ ਉੱਤੇ ਲੱਗੀ ਕਤਲ ਦੀ ਧਾਰਾ ਹਟਾ ਲਈ ਗਈ

ਸਰਾਏਕੇਲਾ, 11 ਸਤੰਬਰ (ਪੋਸਟ ਬਿਊਰੋ)- ਝਾਰਖੰਡ ਪੁਲਸ ਨੇ ਸਰਾਏਕੇਲਾ ਖਰਸਾਵਾਂ ਵਿੱਚ ਤਬਰੇਜ਼ ਅੰਸਾਰੀ ਨਾਂ ਦੇ ਮੁਸਲਿਮ ਨੌਜਵਾਨ ਦੀ ਭੀੜ ਵੱਲੋਂ ਹੱਤਿਆ ਦੇ ਕੇਸ ਦੇ 11 ਦੋਸ਼ੀਆਂ ਉੱਤੇ ਕਤਲ ਦਾ ਦੋਸ਼ ਵਾਪਸ ਲੈ ਲਿਆ ਹੈ। ਉਨ੍ਹਾਂ ਦੇ ਖਿਲਾਫ ਲੱਗੇ ਕਤਲ ਦੇ ਦੋਸ਼ (ਧਾਰਾ 302) ਨੂੰ ਧਾਰਾ 304 (ਗੈਰ ਇਰਾਦਤਨ ਕਤਲ) ਵਿੱਚ ਬਦਲ ਦਿੱਤਾ ਹੈ। ਸਰਾਏਕੇਲਾ ਖਰਸਾਵਾਂ ਜ਼ਿਲੇ ਦੇ ਐਸ ਐਸ ਪੀ ਕਾਰਤਿਕ ਐਸ ਨੇ ਦੱਸਿਆ ਕਿ ਸਬੰਧਤ ਅਧਿਕਾਰੀਆਂ ਦੀ ਰਾਏ ਲੈਣ ਪਿੱਛੋਂ ਧਾਰਾ ਬਦਲੀ ਗਈ ਹੈ। ਇਹ ਅਧਿਕਾਰੀ ਵੀ ਅੰਸਾਰੀ ਦੀ ਭੀੜ ਹੱਤੋਂ ਹੱਤਿਆ ਦੇ ਕੇਸ 'ਚ ਕਿਸੇ ਨਤੀਜੇ ਉਤੇ ਨਹੀਂ ਪਹੁੰਚ ਸਕੇ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ 13 ਜਣਿਆਂ ਵਿੱਚੋਂ ਦੋ ਦੇ ਖਿਲਾਫ ਦੋਸ਼ ਪੱਤਰ ਇਕ ਸਥਾਨਕ ਅਦਾਲਤ ਵਿੱਚ ਦਾਖਲ ਕੀਤਾ ਗਿਆ ਹੈ ਤੇ ਜਲਦੀ ਹੀ ਬਾਕੀ 11 ਜਣਿਆਂ ਵਿਰੁੱਧ ਜਾਂਚ ਮੁਕੰਮਲ ਹੋ ਜਾਵੇਗੀ। ਡਾਕਟਰਾਂ ਨੇ ਦਾਅਵਾ ਕੀਤਾ ਸੀ ਕਿ ਤਬਰੇਜ਼ (24) ਦੀ ਮੌਤ ਦਿਲ ਦਾ ਦੌਰਾ ਪੈਣ ਨਾਲ ਹੋਈ ਹੈ। ਭੀੜ ਨੇ ਚੋਰੀ ਦੇ ਦੋਸ਼ ਵਿੱਚ ਉਸ ਦੀ ਕੁੱਟਮ-ਾਰ ਕੀਤੀ ਸੀ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿੱਚ ਅੰਸਾਰੀ ਨੂੰ ਖੰਭੇ ਨਾਲ ਬੰਨ੍ਹਿਆ ਹੋਇਆ ਸੀ ਤੇ ਕੁੱਟਿਆ ਜਾ ਰਿਹਾ ਸੀ। ਹਮਲਾ ਕਰਨ ਵਾਲੇ ਲੋਕ ਜੈ ਸ੍ਰੀ ਰਾਮ ਅਤੇ ਜੈ ਹਨੂਮਾਨ ਦੇ ਨਾਅਰੇ ਵੀ ਲਾ ਰਹੇ ਸਨ। ਘਟਨਾ ਖਿਲਾਫ ਦੇਸ਼ ਦੇ ਕਈ ਹਿੱਸਿਆਂ ਵਿੱਚ ਰੋਸ ਮੁਜ਼ਾਹਰੇ ਹੋਏ ਸਨ।

# ਵਿਧਾਇਕ ਬੈਂਸ ਦੀ ਗ੍ਰਿਫਤਾਰੀ ਲਈ ਤੀਜੇ ਦਿਨ ਵੀ ਹੜਤਾਲ ਜਾਰੀ



ਕਾਦੀਆਂ, 11 ਸਤੰਬਰ (ਚੋਧਰੀ ਮਨਸੂਰ ਘਨੋਕੇ): ਜ਼ਿਲ੍ਹਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਜ਼ਿਲ੍ਹਾ ਕੁਲੈਕਟਰ ਵਿਪੁਲ ਉਜਵਲ ਨਾਲ ਇਤਰਾਜ਼ਯੋਗ ਵਿਵਹਾਰ ਦੇ ਵਿਰੋਧ ਵਿੱਚ ਸੀਨੀਅਰ ਕਾਨੂੰਗੋ ਮਨਜਿੰਦਰ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਚੋਣ ਦਫ਼ਤਰ ਦੇ ਅਧਿਕਾਰੀਆਂ ਵੱਲੋਂ ਬੁੱਧਵਾਰ ਨੂੰ ਤੀਜੇ ਦਿਨ ਵੀ ਹੜਤਾਲ ਜਾਰੀ ਰੱਖੀ ਗਈ। ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਕਰਮਚਾਰੀਆਂ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਜ਼ਿਲ੍ਹੇ ਦੇ ਸਾਰੇ ਦਫਤਰ ਬੰਦ ਰਹੇ, ਜਿਸ ਕਾਰਨ ਦੂਰ-ਦੁਰਾਡੇ ਦੇ ਇਲਾਕਿਆਂ ਦੇ ਲੋਕਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਸਥਿਤੀ ਵਿੱਚ, ਲੋਕ ਮੰਨਦੇ ਹਨ ਕਿ ਬੈਂਸ ਦਾ ਉਦੇਸ਼ ਸਹੀ ਹੋ ਸਕਦਾ ਹੈ, ਪਰ ਉਸਦੀ ਭਾਸ਼ਾ ਸ਼ੈਲੀ ਬਿਲਕੁਲ ਚੰਗੀ ਨਹੀਂ ਸੀ. ਜਿਸ ਦੀ ਉਸਨੇ ਪੁਨਰਗਠਿਤ ਮਾਮਲੇ ਦੀ ਸਖਤ ਨਿਖੇਧੀ ਕੀਤੀ ਅਤੇ ਉਚਿਤ ਠਹਿਰਾਇਆ। ਦੂਜੇ ਪਾਸੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਰੋਸ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਸੀਨੀਅਰ ਵਕੀਲ ਮਨਜਿੰਦਰ ਸਿੰਘ ਨੇ ਕਿਹਾ ਕਿ ਬਟਾਲਾ ਧਮਾਕੇ ਤੋਂ ਬਾਅਦ ਪ੍ਰਸ਼ਾਸਨਿਕ ਅਧਿਕਾਰੀ ਜਾਂਚ ਵਿੱਚ ਲੱਗੇ ਹੋਏ ਹਨ। ਪਰ ਲੁਧਿਆਣਾ ਦੇ ਵਿਧਾਇਕ ਬੈਂਸ ਡੀਸੀ ਦਫਤਰ ਵਿੱਚ ਦਾਖਲ ਹੋਏ ਅਤੇ ਜ਼ਿਲ੍ਹਾ ਕੁਲੈਕਟਰ ਵਿਪੁਲ ਉਜਵਲ ਨਾਲ ਗਾਲਾਂ ਕੱ .ਿਆਂ। ਉਨ੍ਹਾਂ ਕਿਹਾ ਕਿ ਕੇਸ ਵਿੱਚ ਵਿਧਾਇਕ ਬੈਂਸ ਦੀ ਗ੍ਰਿਫਤਾਰੀ ਹੋਣ ਤੱਕ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਡੀਸੀ ਨਾਲ ਕੀਤੀ ਗਲਤ ਵਿਵਹਾਰ ਕਾਰਨ ਜ਼ਿਲ੍ਹੇ ਦੇ ਸਮੂਹ ਕਰਮਚਾਰੀਆਂ ਅਤੇ ਅਧਿਕਾਰੀਆਂ ਵਿੱਚ ਭਾਰੀ ਰੋਸ ਹੈ।ਇਸ ਮੌਕੇ ਰਾਜੇਸ਼ ਕੁਮਾਰ, ਕਾਨੂੰਗੋ ਗੁਰਮੀਤ ਕੌਰ, ਗਗਨ, ਕਲਾਰਕ ਸੁੱਚਾ ਸਿੰਘ, ਸੁਨੀਲ ਕੁਮਾਰ ਕਾਨੂੰਗੋ, ਰਣਜੀਤ ਸਿੰਘ ਆਦਿ ਹਾਜ਼ਰ ਸਨ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam Media Group
Radio Punjab
Aikam TV
Aikam Arts Academy
Learn Indian Classical Music, Instruments, Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
Vision ZoomerTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਮਿਸੀਸਾਗਾ ਦੀ 19 ਸਾਲਾ ਕੈਨੇਡੀਅਨ ਲੜਕੀ ਬਿਆਂਕਾ ਨੇਂ 'ਯੂ ਐਸ ਓਪਨ' ਜਿੱਤ ਕੇ ਇਤਿਹਾਸ ਸਿਰਜਿਆ

-ਦੇਵ ਝੱਮਟ-

ਮਿਸੀਸਾਗਾ ਦੀ ਜੰਮਪਲ,ਪੀਲ ਰੀਜਨ,ਜੀ ਟੀ ਏ ਅਤੇ ਕਨੇਡਾ ਦਾ ਮਾਣ ਬਣ ਚੁੱਕੀ, 19 ਸਾਲਾਂ ਦੀ ਬਿਆਂਕਾ ਨੇਂ ਪਿਛਲੇ 20 ਸਾਲਾਂ ਤੋਂ ਟੈਨਿਸ ਖੇਡ ਰਹੀ ਅਤੇ 23 ਵਾਰ ਗਰੈਂਡ ਸਲੈਮ ਟੂਰਨਾਮੈਂਟ ਜਿੱਤਣ ਵਾਲੀ ਸਰੀਨਾ ਵਿਲਿਅਮ ਨੂੰ ਹਰਾ ਕੇ ਪਹਿਲਾ ਯੂ ਐਸ ਓਪਨ ਟੂਰਨਾਮੈਂਟ ਜਿੱਤਿਆ ਹੈ ਅਤੇ ਮੌਜੂਦਾ ਸਮੇਂ ਟੈਨਿਸ ਖੇਡ ਰਹੀਆਂ ਨੌਜਵਾਨ ਖਿਡਾਰਣਾਂ ਨਓਮੀ ਓਸਾਕਾ,ਅਸ਼ਲੇਅ ਬਾਰਟੀ,ਸੀਮੋਨਾਂ ਹੇਲਪ ਤੋਂ ਵੀ ਅੱਗੇ ਨਿਕਲਦੀ ਨਜ਼ਰ ਆ ਰਹੀ ਹੈ।ਬਚਪਨ ਵਿੱਚ ਆਪਣੇਂ ਘਰ ਦੇ ਗੈਰਾਜ ਅਤੇ ਘਰ ਦੀਆਂ ਕੰਧਾਂ ਵਿੱਚ ਟੈਨਿਸ ਬਾਲ ਮਾਰਕੇ ਵੱਡੀ ਹੋਈ ਬਿਆਂਕਾ ਨੇਂ ਕੇਵਲ 7 ਸਾਲ ਦੀ ਉਮਰ ਵਿੱਚ ਹੀ ਟੈਨਿਸ ਖੇਡਣਾਂ ਸ਼ੁਰੂ ਕਰ ਦਿੱਤਾ ਸੀ ਅਤੇ 14 ਸਾਲ ਦੀ ਉਮਰ ਵਿੱਚ ਪਹਿਲਾ ਟੂਰਨਾਮੈਂਟ ਜਿੱਤਿਆ ਸੀ।ਪਿਛਲੇ ਸਾਲ 2018 ਵਿੱਚ ਮੋਢੇ ਵਿੱਚ ਦਰਦ ਦੀ ਸਮਸਿੱਆ ਏਨੀ ਖਰਾਬ ਸੀ ਕਿ ਕੁਆਲੀਫਾਈ ਰਾਉਂਡ ਵਿੱਚ ਨਹੀਂ ਪਹੁੰਚ ਸਕੀ।ਪਿਛਲੇ ਸਾਲ ਤੋਂ ਲੈਕੇ 2019 ਵਿੱਚ ਬਿਆਂਕਾ 178ਵੇਂ ਸਥਾਨ ਤੋਂ ਅਗਸਤ 2019 ਵਿੱਚ 15ਵੇਂ ਸਥਾਨ ਦੇ ਰੈਂਕ ਤੇ ਪਹੁੰਚ ਗਈ ਤੇ ਫਿਰ ਉਸਨੇਂ ਪਿਛਲੇ ਹਫਤੇ ਯੂ ਐਸ ਓਪਨ 2019 ਦਾ ਟੂਰਨਾਮੈਂਟ ਜਿੱਤ ਕੇ ਦੁਨੀਆਂ ਦੇ 5 ਵੱਡੇ ਖਿਡਾਰੀਆਂ ਵਿੱਚ ਆਪਣਾਂ ਨਾਂ ਲਿਖਵਾ ਲਿਆ ਹੈ।ਅਮਰੀਕਨ ਯੂ ਐਸ ਓਪਨ ਟੂਰਨਾਮੈਂਟ ਜਿੱਤਣ ਵਾਲੀ ਪਹਿਲੀ ਕਨੇਡੀਅਨ ਖਿਡਾਰਨ ਬਣ ਗਈ ਹੈ।ਬਿਆਂਕਾ ਤੋਂ ਪਹਿਲਾਂ ਅੱਜ ਦੀ ਤਾਰੀਖ ਵਿੱਚ ਕਿਸੇ ਵੀ ਕਨੇਡੀਅਨ ਪੁਰਸ਼ ਜਾਂ ਮਹਿਲਾ ਨੇਂ ਅਜਿਹਾ ਮੇਜਰ ਵੱਡਾ ਟੂਰਨਾਮੈਂਟ ਨਹੀਂ ਜਿੱਤਿਆ ਸੀ।ਉਹ ਪਹਿਲਾਂ 15ਵੇਂ ਰੈਂਕ ਤੱਕ ਪਹੁੰਚਣਾਂ ਚਾਹੁੰਦੀ ਸੀ ਪਰ ਯੂ ਐਸ ਓਪਨ ਜਿੱਤ ਕੇ ਦੁਨੀਆਂ ਦੇ 5ਵੇਂ ਰੈਂਕ ਤੇ ਪਹੁੰਚ ਗਈ ਹੈ।ਟੈਨਿਸ ਦੇ ਇਤਿਹਾਸ ਵਿੱਚ 1877 ਤੋਂ 2019 ਤੱਕ ਗਰੈਂਡ ਸਲੈਮ ਜਿੱਤਣ ਵਾਲੀ ਉਹ ਪਹਿਲੀ ਕਨੇਡੀਅਨ ਬਣ ਗਈ ਹੈ।ਯੂ ਐਸ ਓਪਨ ਜਿੱਤਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਆਪਣੀਂ ਇਸ ਇਤਿਹਾ-ਸਕ ਜਿੱਤ ਦਾ ਮਾਣ ਆਪਣੇਂ ਮਾਂ-ਬਾਪ ਨੂੰ ਦਿੰਦੀ ਹੋਈ ਕਹਿੰਦੀ ਹੈ ਕਿ ਇਹ ਮੇਰੇ ਮਾਂ-ਬਾਪ ਹੀ ਹਨ ਜਿਹਨਾਂ ਦੀ ਮੱਦਦ ਕਾਰਨ ਉਹ ਇਸ ਸਟੇਜ ਤੇ ਪਹੁੰਚੀ ਹੈ।

ਅੱਗੇ ਦੱਸਦੀ ਹੈ ਕਿ ਉਸਦੇ ਮਾਂ-ਬਾਪ ਦੁਆਰਾ ਕੰਮ ਕਰਨ ਦੇ ਨਾਲ-ਨਾਲ, ਮੈਨੂੰ ਸਕੂਲ ਅਤੇ ਖੇਡ ਗਰਾਉਂਡਾ ਛੱਡ ਕੇ ਤੇ ਅਤੇ ਲੈ ਕੇ ਆਉਣ ਦੀ ਕੁਰਬਾਨੀ ਨੂੰ, ਮੈਂ ਕਦੇ ਵੀ ਨਹੀਂ ਭੁੱਲ ਸਕਦੀ।ਮਾਂ-ਬਾਪ ਤੋਂ ਇਲਾਵਾ ਆਪਣੇਂ ਕੋਚ ਅਤੇ ਸਹਿਯੋਗੀਆਂ ਨੂੰ ਆਪਣੀਂ ਜਿੱਤ ਦਾ ਸਿਹਰਾ ਦੱਸਦੀ ਹੈ।ਬਿਆਂਕਾ ਦੀ ਇਸ ਮਹੱਤਵਪੂਰਣ ਜਿੱਤ ਦੌਰਾਨ ਇੱਕ ਪੁਰਾਣੇ ਮੈਚ ਵਿੱਚ ਬਿਆਂਕਾ ਦੇ ਕੋਚ ਅਤੇ ਉਸਦੇ ਵਿਚਕਾਰ ਮੀਡੀਆ ਵਲੋਂ ਰਿਕਾਰਡ ਕੀਤੀ ਵਾਰਤਾਲਾਪ ਵੀ ਖਬਰਾਂ ਦੀ ਸੁਰਖੀਆਂ ਬਣੀ ਹੋਈ ਹੈ।ਦਰਅਸਲ ਇੱਕ ਪਿਛਲੇ ਫਾਈਨਲ ਮੈਚ ਦੌਰਾਨ ਬਿਆਂਕਾ ਜਿੱਤ ਵੱਲ ਵਧ ਰਹੀ ਸੀ ਪਰ ਇੱਕਦਮ ਮੈਚ ਉਸਦੇ ਹੱਥੋਂ ਨਿਕਲਣ ਲੱਗ ਪਿਆ।ਇਸ ਰਿਕਾਰਡਿੰਗ ਦੌਰਾਨ ਦੇਖਿਆ ਜਾ ਸਕਦਾ ਹੈ ਕਿ ਬਿਆਂਕਾਂ ਕਿਵੇਂ



ਹੌਂਸਲਾ ਹਾਰ ਕੇ ਕੋਚ ਨੂੰ ਆਪਣੇਂ ਦਿਲ ਦੀ ਗੱਲ ਦੱਸ ਰਹੀ ਸੀ ਉਸ ਲਈ ਹਿਲਜੁੱਲ ਕਰਨੀ ਵੀ ਮੁਸ਼ਕਿਲ ਹੋ ਰਹੀ ਹੈ।ਫਿਰ ਉਸਦਾ ਕੋਚ ਉਸਨੂੰ ਹੋਂਸਲਾ ਦਿੰਦਾ ਹੈ ਅਤੇ ਉਹ ਜਿੱਤ ਵੱਲ ਵਧਦੀ ਹੋਈ ਟੂਰਨਾਮੈਂਟ ਜਿੱਤ ਲੈਂਦੀ ਹੈ।ਬਿਆਂਕਾ ਦੀ ਜਿੰਦਗੀ ਦੀ ਇਸ ਮਹੱਤਵਪੂਰਣ ਘਟਨਾਂ ਦਾ ਜਿਕਰ ਕਰਦਿਆਂ ਉਹ ਦੱਸਦੀ ਹੈ ਕਿ ਉਸ ਸਮੇਂ ਉਹ ਏਨੀਂ ਨਿਰਾਸ਼ ਹੋ ਗਈ ਸੀ ਉਸਦਾ ਜੀਅ ਕਰਦਾ ਸੀ ਆਪਣੇਂ ਟੈਨਿਸ ਰੈਕਟ ਨੂੰ ਤੋੜ ਦੇਵਾਂ ਪਰ ਕੋਚ ਦੇ ਉਸ ਹੋਂਸਲਾ ਅਫਜਾਈ ਵਾਲੇ ਸ਼ਬਦਾ ਨੇਂ ਉਸਨੂੰ ਟੂਰਨਾਮੈਂਟ ਜਿੱਤਣ ਵਿੱਚ ਮੱਦਦ ਕੀਤੀ ਅਤੇ ਉਸ ਤੋਂ ਬਾਅਦ ਆਪਣੇਂ ਘਰਦਿਆਂ ਦੇ ਕਹਿਣ ਤੇ ਇੱਕ ਮਨੋਵਿਗਿਆਨਕ ਡਾਕਟਰ ਨਾਲ ਰਾਬਤਾ ਕਾਇਮ ਕੀਤਾ ਅਤੇ ਕੁੱਝ ਹੋਰ ਤਬਦੀਲੀਆਂ ਲਿਆ ਕੇ ਆਪਣੇਂ ਆਪ ਨੂੰ ਉੱਚ ਦਰਜੇ ਦੇ ਖਿਡਾਰੀ ਲੈਵਲ ਲਈ ਤਿਆਰ ਕਰ ਲਿਆ।

ਬਿਆਂਕਾ ਨੇਂ, ਪਿਛਲੇ ਹਫਤੇ ਹੋਏ ਸਿਤੰਬਰ 2019 ਦੇ ਯੂ ਐਸ ਓਪਨ ਫਾਈਨਲ ਵਿੱਚ ਆਪਣੇਂ ਇਸ ਲੈਵਲ ਦਾ ਸਬੂਤ ਸਾਰੀ ਦੁਨੀਆਂ ਨੂੰ ਦੇ ਦਿੱਤਾ ਹੈ।ਇਸ ਯੂ ਐਸ ਓਪਨ ਦੌਰਾਨ ਬਿਆਂਕਾ ਨੇਂ ਸਰੀਨਾਂ ਵਿਲਿਅਮਜ਼ ਦੇ ਖਿਲਾਫ ਪਹਿਲਾ ਸੈਂਟ ਚੰਗੇ ਫਰਕ ਨਾਲ ਜਿੱਤ ਲਿਆ।ਦੋ ਦਰਜਨ ਦੇ ਕਰੀਬ ਟੂਰਨਾਮੈਂਟ ਜਿੱਤਣ ਵਾਲੀ ਸਰੀਨਾਂ ਵਿਲਿਅਮਜ਼ ਬਾਰੇ ਆਸ ਰੱਖੀ ਜਾ ਰਹੀ ਸੀ ਕਿ ਉਹ ਅਗਲਾ ਸੈਂਟ ਜਿੱਤ ਕੇ, ਖੇਡ ਵਿੱਚ ਵਾਪਸੀ ਕਰ ਸਕਦੀ ਹੈ।ਅਜਿਹਾ ਅਕਸਰ ਦੇਖਿਆ ਵੀ ਜਾਂਦਾ ਹੈ ਟੌਪ ਦੇ ਖਿਡਾਰੀ ਪਹਿਲਾ ਸੈਂਟ ਹਾਰ ਕੇ ਵੀ ਦੂਜਾ ਸੈਂਟ ਜਿੱਤ ਕੇ ਟੂਰਨਾਮੈਂਟ ਜਿੱਤ ਲੈਂਦੇ ਹਨ।ਪਰ ਦੂਜੇ ਸੈਂਟ ਵਿੱਚ ਵੀ ਬਿਆਂਕਾ ਨੇਂ 4-1 ਦੀ ਲੀਡ ਹਾਸਿਲ ਕਰਕੇ ਦਬਦਬਾ ਬਣਾਈ ਰਖਿੱਆ। ਪਰ ਸਰੀਨਾਂ ਅਚਾਨਕ ਖੇਡ ਵਾਪਸੀ ਕਰਦੀ ਨਜਰ ਆਉਣ ਲੱਗ ਪਈ।ਸਰੀਨਾਂ ਨੇਂ ਦੂਜੇ ਸੈਂਟ ਨੂੰ ਬਰਾਬਰੀ ਤੇ ਲੈ ਆਂਦਾ।ਇਸ ਸਮੇਂ ਲੱਗਭਗ ਸਾਰਾ ਸਟੇਡੀਅਮ ਬਿਆਂਕਾ ਦੀ ਵਿਰੋਧੀ ਖਿਡਾਰਣ ਸਰੀਨਾਂ ਦੀ ਤਾਰੀਫ ਵਿੱਚ ਰੌਲਾ ਪਾ ਰਿਹਾ ਸੀ।ਮੈਚ ਕੁਮੈਂਟਰੀ ਕਰਨ ਵਾਲੇ ਦੱਸਦੇ ਹਨ ਕਿ ਉਸ ਸਮੇਂ ਵਾਕਈ ਏਨਾਂ ਸ਼ੋਰ ਪੈ ਰਿਹਾ ਕਿ ਕਮਜ਼ੋਰ ਇਨਸਾਨ ਦੀ ਸੁਣਨ ਸ਼ਕਤੀ ਵੀ ਜਾ ਸਕਦੀ ਸੀ। ਆਪਣੇਂ ਵਿਰੋਧੀ ਨੌਜਵਾਨ ਖਿਡਾਰਨ ਦੀ ਤਾਰੀਫ ਦਾ ਰੌਲਾ ਬਿਆਂਕਾ ਦੀ ਬਰਦਾਸ਼ਤ ਤੋਂ ਏਨਾਂ ਬਾਹਰ ਹੋ ਗਿਆ ਕਿ ਉਸਨੂੰ ਆਪਣੇਂ ਕੰਨਾਂ ਵਿੱਚ ਉਂਗਲੀਆਂ ਪਾਉਣੀਆਂ ਪਈਆਂ।

ਦੋਨੋਂ ਤਰਫੋਂ ਇਤਿਹਾਸ ਬਣਨ ਜਾ ਰਿਹਾ ਸੀ।ਸਲੀਨਾਂ ਵਿਲਿਅਮਜ਼ 24ਵਾਂ ਗਰੈਂਡ ਸਲੈਮ ਟੂਰਨਾਮੈਂਟ ਜਿੱਤ ਕੇ ਮਾਰਗਰੇਟ ਕੋਰਟ ਦੇ ਸੱਭ ਤੋਂ ਵੱਧ ਟੂਰਨਾਮੈਂਟ ਜਿੱਤਣ ਦੀ ਬਰਾਬਰੀ ਕਰਨ ਜਾ ਰਹੀ ਸੀ ਅਤੇ ਦੂਸਰੇ ਪਾਸੇ 19 ਸਾਲਾਂ ਦੀ ਬਿਆਂਕਾ ਕਨੇਡਾ ਦੇ ਪਹਿਲੇ ਗਰੈਂਡ ਸਲੈਮ ਜਿੱਤਣ ਵਾਲੇ ਖਿਡਾਰੀ ਬਣਨ ਦਾ ਇਤਿਹਾਸ ਰਚਣ ਜਾ ਰਹੀ ਸੀ।ਲਗਭੱਗ ਸਾਰੀ ਦੁਨੀਆਂ ਸਰੀਨਾਂ ਦੇ ਪੱਖ ਵਿੱਚ ਸੀ ਪਰ ਬਿਆਂਕਾਂ ਨੇਂ ਆਪਣੇਂ ਦੇਸ਼ ਕਨੇਡਾ ਲਈ ਇਹ ਮੈਚ ਅਤੇ ਪਹਿਲਾ ਗਰੈਂਡ ਸਲੈਮ ਟੂਰਨਾਮੈਂਟ 6-3 ਅਤੇ 7-5 ਨਾਲ ਜਿੱਤ ਕੇ ਸਾਰੀ ਦੂਨੀਆਂ ਨੂੰ ਹੈਰਾਨ ਕਰ ਦਿੱਤਾ।ਸਟੇਡੀਅਮ ਵਿੱਚ ਵਿਰੋਧੀ ਦੇ ਪੱਖ ਵਿੱਚ ਪੈ ਰਹੇ ਰੌਲੇ ਕਾਰਣ ਉਹ ਹਾਰ ਵੀ ਸਕਦੀ ਸੀ ਪਰ ਉਸਦੇ ਯੂ ਐਸ ਓਪਨ ਜਿੱਤਣ ਦੇ ਸੁਪਨੇਂ ਅੱਗੇ ਕੋਈ ਵੀ ਖਲੋ ਨਹੀਂ ਸਕਿਆ।ਇਸ ਵੱਡੀ ਪ੍ਰਾਪਤੀ ਲਈ ਉਸਨੂੰ ਸਾਰੀ ਦੁਨੀਆਂ ਤੋਂ ਵਧਾਈ ਸੰਦੇਸ਼ ਮਿਲ ਰਹੇ ਹਨ।ਵੱਡੇ-ਵੱਡੇ ਟੀ ਵੀ ਰਿਐਲਟੀ ਸ਼ੋਆਂ ਦਾ ਸ਼ਿਗਾਰ ਬਣ ਚੁੱਕੀ ਹੈ।ਉਸਦੇ ਸਾਕਾਰਾਤਮਕ ਰਵੱਈਏ ਦੀਆਂ ਵੀ ਸਾਰੀ ਦੁਨੀਆਂ,ਤਾਰੀਫ ਕਰ ਰਹੀ ਹੈ।ਇਸ ਟੂਰਨਾਮੈਂਟ ਦੀ ਜਿੱਤ ਤੱਕ ਪਹੁੰਚਣ ਲਈ ਉਸਨੂੰ ਕਾਫੀ ਵਿਰੋਧ ਦਾ ਵੀ ਸਾਹਮਣਾ ਕਰਨਾਂ ਪਿਆ।ਪਿਛਲੇ ਮੈਚਾਂ ਦੌਰਾਨ ਉਸਦੇ ਵਿਰੋਧੀ ਖਿਡਾਰੀ ਵਲੋਂ ਡਰਾਮਾਂ ਕੁਈਨ ਜਿਹੇ ਭੈੜੇ ਸ਼ਬਦ ਵੀ ਬੋਲੇ ਗਏ ਪਰ ਬਿਆਂਕਾ ਨੇਂ ਫਿਰ ਵੀ ਬੁਰਾ ਨਹੀਂ ਮਨਾਇਆ। ਮੌਜੂਦਾ ਮੈਚ ਦੌਰਾਨ,ਸਟੇਡੀਅਮ ਵਿੱਚ ਜਿਆਦਾਤਰ ਵਿਰੋਧੀ ਰੌਲੇ ਦੇ ਬਾਵਜੂਦ ਵੀ ਉਸਨੇਂ ਹਿੰਮਤ ਨਹੀਂ ਹਾਰੀ ਅਤੇ ਗਰੈਂਡ ਸਲੈਮ ਟੂਰਨਾਮੈਂਟ ਜਿੱਤ ਕੇ ਇਹ ਦਿਖਾ ਦਿੱਤਾ ਕਿ ਉਸਦੇ ਮਜਬੂਤ ਇਰਾਦਿਆਂ ਅੱਗੇ ਕੋਈ ਨਹੀਂ ਖਲੋ ਸਕਦਾ। ਟੂਰਨਾਮੈਂਟ ਜਿੱਤਣ ਤੋਂ ਬਾਅਦ ਬਿਆਂਕਾ ਨੇਂ ਸਟੇਡੀਅਮ ਵਿੱਚ ਉਸਦੇ ਵਿਰੋਧੀ ਖਿਡਾਰੀ ਦੀ ਤਾਰੀਖ ਕਰਨ ਵਾਲੇ ਹਜਾਂਰਾਂ ਦਰਸ਼ਕਾਂ ਕੋਲੋ ਕਨੇਡੀਅਨ ਸਟਾਈਲ ਵਿੱਚ ਮਾਫੀ ਮੰਗਦਿਆਂ ਕਿਹਾ ਕਿ ਮੈਨੂੰ ਮਾਫ ਕਰਨਾਂ ਤੁਸੀ ਸਰੀਨਾਂ ਦੀ ਤਾਰੀਫ ਕਰ ਰਹੇ ਸੀ ਪਰ ਮੈਂ ਜਿੱਤ ਗਈ ਹਾਂ।ਇਹੋ ਵਿਰੋਧੀ ਖਿਡਾਰਣ ਸਰੀਨਾਂ ਨੂੰ ਬਿਆਂਕਾ ਨੇਂ ਪਿਛਲੇ ਮਹੀਨੇਂ ਟੋਰੰਟੋ ਵਿੱਚ ਹੋ ਰਹੇ ਫਾਈਨਲ ਦੌਰਾਨ ਪੂਰੀ ਗੇਮ ਖੇਡ ਕੇ ਹਰਾ ਦੇਣਾਂ ਸੀ ਪਰ ਸਰੀਨਾਂ ਦੀ ਸਿਹਤ ਠੀਕ ਨਾਂ ਹੋਣ ਕਾਰਣ ਬਿਆਂਕਾ ਨੂੰ ਟੂਰਨਾਮੈਂਟ ਜੇਤੂ ਘੋਸ਼ਿਤ ਕਰ ਦਿੱਤਾ ਗਿਆ ਸੀ।ਇਸ ਮੈਚ ਵਿੱਚ ਸਰੀਨਾਂ ਦੀ ਬਿਮਾਰੀ ਦੌਰਾਨ ਉਸਨੂੰ ਰੋਣਾ ਪੈ ਗਿਆ।ਬਿਆਂਕਾ ਨੇਂ ਗੋਡੇ ਭਾਰ ਹੋ ਕੇ ਉਸਨੂੰ ਜੱਫੀ ਪਾ ਕੇ ਹੌਂਸਲਾ ਦੇਣ ਦੀ ਕੋਸ਼ਿਸ਼ ਕੀਤੀ ਤਾਂ ਛੋਟੀ ਉਮਰੇ ਸਿਆਣਾ-ਪਣ ਦਿਖਾਉਣ ਕਾਰਨ ਬਿਆਂਕਾ ਦੀ ਹਰ



ਪਾਸਿਉਂ ਤਾਰੀਫ ਹੋ ਰਹੀ ਸੀ।

ਯੂ ਐਸ ਓਪਨ 2019 ਜਿੱਤਣ ਤੋਂ ਬਾਅਦ ਉਸਨੂੰ ਨਵੇਂ ਨਾਂਵਾਂ ਨਾਲ ਸਨਮਾਨਿਆ ਜਾ ਰਿਹਾ ਹੈ। ਯੂ ਐਸ ਓਪਨ ਟੂਰਨਾਮੈਂਟ ਜਿੱਤਣ ਤੋਂ ਪਹਿਲਾਂ ਉਸਨੂੰ ਕਨੇਡੀਅਨ 'ਤੂਫਾਨ' ਦੇ ਨਾਂ ਨਾਲ ਜਾਣਿਆ ਜਾਂਦਾ ਸੀ ਪਰ ਹੁਣ ਉਸਨੂੰ ਕਨੇਡਾ ਵਲੋਂ '#ਸ਼ੀ 'ਦ ਨੌਰਥ' ਅਤੇ ਅਮਰੀਕਾਂ ਵਲੋਂ 'ਨਿਊਯਾਰਕ ਦੀ ਰਾਣੀ' ਕਹਿ ਕੇ ਪੁਕਾਰਿਆ ਜਾਣ ਲੱਗ ਪਿਆ ਹੈ।ਸਟੇਡੀਅਮ ਵਿੱਚ ਇਸ ਮੈਚ ਦੌਰਾਨ ਇੰਗਲੈਂਡ ਰਾਜ ਘਰਾਣੇਂ ਦੀ ਨੂੰਹ ਮੇਘਨ ਮਾਰਕਲ ਵੀ ਮੌਜੂਦ ਸੀ ਜੋ ਕਿ ਬਿਆਂਕਾ ਦੀ ਵਿਰੋਧਣ,ਸਰੀਨਾਂ ਦੀ ਤਾਰੀਫ ਕਰ ਰਹੀ ਸੀ।ਬਿਆਂਕਾ ਦੀ ਜਿੱਤ ਤੋਂ ਬਾਅਦ ਕੁੱਝ ਮੀਡੀਆ ਵਲੋਂ ਇਹ ਵੀ ਕਿਹਾ ਗਿਆ ਕਿ ਸਟੇਡੀਅਮ ਵਿੱਚ ਇੰਗਲੈਂਡ ਦੀ ਮਹਾਰਾਣੀ ਦੀ ਨੂੰਹ ਹੈ ਪਰ ਬਿਆਂਕਾ ਨਿਊਯਾਰਕ ਦੀ ਰਾਣੀਂ ਬਣ ਗਈ ਹੈ।ਸਟੇਡੀਅਮ ਵਿੱਚ ਹਾਲੀਵੁੱਡ ਦੇ ਪ੍ਰਸਿੱਧ ਐਕਟਰ ਅਲੈਕ ਬਾਲਡਵਿਨ ਅਤੇ ਟੈਨਿਸ ਦੇ ਸਾਬਕਾ ਨੌਜਵਾਨ ਚੈਂਪੀਅਨ ਖਿਡਾਰੀ ਬੋਰਿਸ ਬੇਕਰ ਵੀ ਮੌਜੂਦ ਸਨ।ਬਾਲੀਵੁੱਡ ਦੀ ਪ੍ਰਸਿੱਧ ਅਭਿਨੇਤਰੀ ਪ੍ਰਿਅੰਕਾ ਚੋਪੜਾ ਵੀ ਪਬਲਿਕ ਵਿੱਚ ਮੌਜੂਦ ਸੀ।

ਬਿਆਂਕਾ ਨੂੰ ਵਧਾਈ ਦੇਣ ਵਾਲਿਆਂ ਦੀ ਲਿਸਟ ਵਿੱਚ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ,ਵਿਰੋਧੀ ਪਾਰਟੀ ਲੀਡਰਾਂ ਐਂਡਰਿਉ ਸ਼ੀਅਰ,ਜਗਮੀਤ ਸਿੰਘ,ਇਲੀਜ਼ਬਥ ਮੇਅ,ਟੋਰੰਟੋ ਬਲੂ ਜੇਅ ਬੇਸਬਾਲ ਕਲੱਬ,ਟੋਰੰਟੋ ਮੇਪਲ ਲੀਫ ਹਾਕੀ ਕਲੱਬ,ਸੀ ਐਲ ਐਫ ਫੁੱਟਬਾਲ ਕਲੱਬ,ਰੈਪਟਰਜ਼ ਬਾਸਕਟਬਾਲ ਕਲੱਬ,ਪ੍ਰਸਿੱਧ ਕਨੇਡੀਅਨ ਹਾਕੀ ਖਿਡਾਰੀ, ਵੇਅਨ ਗਰੈਚਕੀ,ਸਿਡਨੀ ਕਰਾਸਬੀ, ਸੌਕਰ ਸਟਾਰ ਕ੍ਰਿਸਟੀਨ ਸਿਨਕਲੇਅਰ,ਓਟਵਾ ਪ੍ਰੀਮੀਅਰ ਡੱਗ ਫੌਰਡ,ਟੋਰੰਟੋ ਮੇਅਰ ਜੌਹਨ ਟੋਰੀ,ਮਿਸੀਸਾਗਾ ਮੇਅਰ ਬੌਨੀਂ ਕਰੋਂਬੀ,ਬਰੈਮਪਟਨ ਮੇਅਰ ਪੈਟਰਿੱਕ ਬ੍ਰਾਉਨ ਅਤੇ ਹੋਰ ਪ੍ਰਸਿੱਧ ਹਸਤੀਆਂ ਸ਼ਾਮਿਲ ਹਨ।ਯੂ ਐਸ ਓਪਨ 2019 ਜਿੱਤਣ ਤੋਂ ਬਾਅਦ ਜਦੋਂ ਬਿਆਂਕਾ ਨੂੰ ਪੁਛਿੱਆ ਗਿਆ ਕਿ ਉਸਨੇਂ ਵੱਡੀ ਅੰਤਰਰਾਸ਼ਟਰੀ ਖਿਡਾਰਣ ਦਾ ਮੁਕਾਬਲਾ ਕਿਸ ਤਰਾਂ ਕੀਤਾ ਤਾਂ ਬਿਆਂਕਾ ਨੇਂ ਸਾਫ ਸ਼ਬਦਾਂ ਵਿੱਚ ਕਿਹਾ ਕਿ ਉਹ ਪ੍ਰੈਕਟਿਸ ਦੌਰਾਨ ਹਮੇਸ਼ਾਂ ਇਹੀ ਸੋਚਦੀ ਸੀ ਕਿ ਯੂ ਐਸ ਓਪਨ ਫਾਈਨਲ ਖੇਡ ਰਹੀ ਹੈ।ਇਹ ਉਸਦਾ ਸੁਪਨਾਂ ਸੀ ਜੋ ਅੱਜ ਸਾਕਾਰ ਹੋਇਆ ਹੈ।

ਦੁਨੀਆਂ ਦੇ ਉੱਤਮ ਦਰਜੇ ਖਿਡਾਰੀਆਂ ਖਿਲਾਫ 8-0 ਦਾ ਰਿਕਾਰਡ ਬਣਾ ਕੇ ਟੂਰਨਾਮੈਂਟ ਫਾਈਨਲ ਜਿੱਤਣ ਤੋਂ ਬਾਅਦ ਬਿਆਂਕਾ ਨੇਂ ਉੱਪਰ ਅਸਮਾਨ ਵੱਲ ਹੱਥ ਕਰਕੇ ਰੱਬ ਦਾ ਸ਼ੁਕਰੀਆ ਅਦਾ ਕੀਤਾ। ਰੋਮਾਨੀਆ ਤੋਂ ਰਫਿਊਜੀ ਆਏ ਮਾਂ-ਬਾਪ ਦੀ ਕਨੇਡੀਅਨ ਜੰਮ-ਪਲ ਹੋਣਹਾਰ ਧੀ,ਬਿਆਂਕਾ ਨੇਂ ਟੈਨਿਸ ਕੋਰਟ ਨੂੰ ਚੁੰਮ ਕੇ ਇਸ ਖੇਡ ਪ੍ਰਤੀ ਆਪਣੀਂ ਭਰਪੂਰ ਸ਼ਰਧਾ ਦਾ ਸਬੂਤ ਦਿੱਤਾ।

ਉਸਨੇਂ ਇਤਿਹਾਸ ਰੱਚ ਕੇ ਕਨੇਡਾ ਦੇ ਝੰਡੇ ਨੂੰ ਸਾਰੀ ਦੁਨੀਆਂ ਵਿੱਚ ਵੀ ਲਹਿਰਾ ਦਿੱਤਾ ਹੈ।ਕਨੇਡਾ ਦਾ ਨਾਂ ਸਾਰੀ ਦੁਨੀਆਂ ਵਿੱਚ ਰੌਸ਼ਨ ਕਰਨ ਵਾਲਿਆਂ ਗੋਲਡ ਮੈਡਲਿਸਟ ਡੇਨੀਅਲ ਇਗਾਲੀ (ਕਨੇਡੀਅਨ ਬਣੇ ਨਾਈਜੀਰਨ ਰਫਿਊਜੀ)ਬਰੈਮਪਟਨ ਹਾਈ ਜੰਪ ਕਾਮਨਵੈਲਥ ਗੋਲਡ ਮੈਡਲਿਸਟ ਮਾਰਕ ਗੋਸਵੈੱਲ,ਜੀ ਟੀ ਏ ਰਿਚਮੰਡ ਹਿੱਲ ਸ਼ਹਿਰ ਦੇ ਸਕੇਟਿੰਗ ਵਰਲਡ ਚੈਂਪੀਅਨ ਐਲਵਿਸ ਸਜੋਕੋ,ਸ਼ਹਿਰ ਓਕਵਿੱਲ ਦੇ ਸਪਰਿੰਟਰ ਅਥਲੀਟ ਗੋਲਡ ਮੈਡਲਿਸਟ ਡੋਨੋਵਨ ਬੇਲੀ,ਹਾਕੀ ਖਿਡਾਰੀ ਵੇਅਨ ਗਰੈਚਕੀ ਅਤੇ ਸਿਡਨੀ ਕਰੌਸਬੀ,ਫੁੱਟਬਾਲ ਚੈਂਪੀਅਨ ਕ੍ਰਿਸਟੀਨਾਂ ਸਿਨਕਲੇਅਰ ਜਿਹੇ ਪ੍ਰਸਿੱਧ ਕਨੇਡੀਅਨ ਦੇ ਨਾਵਾਂ ਨਾਲ ਹੁਣ ਬਿਆਂਕਾਂ ਦਾ ਨਾਂ ਵੀ ਜੁੜ ਗਿਆ ਹੈ।ਅੰਗਰੇਜੀ ਵਿੱਚ 'ਬਰਾਬਰਤਾ' ਵਾਲੀ ਟੀ ਸ਼ਰਟ ਪਾ ਕੇ ਬਿਆਂਕਾ,ਔਰਤਾਂ ਦੇ ਬਰਾਬਰ ਅਧਿਕਾਰਾਂ ਸਬੰਧੀ ਦੁਨੀਆਂ ਤੱਕ ਸੁਨੇਹਾ ਪਹੁੰਚਾਉਣਾਂ ਚਾਹੁੰਦੀ ਹੈ ਕਿ ਕਿਸ ਤਰ੍ਹਾਂ 1960-70 ਦੇ ਦਹਾਕਿਆਂ ਵਿੱਚ ਔਰਤਾਂ ਉੱਚੇ ਲੈਵਲ ਤੇ ਟੈਨਿਸ ਖੇਡਦੀਆਂ ਤੱਕ ਵੀ ਨਹੀਂ ਸੀ ਪਰ ਹੁਣ ਭਾਵੇਂ ਖੇਡਣ ਦੀ ਅਜਾਦੀ ਮਿਲ ਗਈ ਹੈ ਪਰ ਕਈ ਖੇਤਰਾਂ ਵਿੱਚ ਬਰਾਬਰ ਇਨਕਮ ਬਾਰੇ ਔਰਤਾਂ, ਹਾਲੇ ਵੀ ਸੰਘਰਸ਼ ਕਣ ਰਹੀਆਂ ਹਨ।

ਤਿੰਨ ਡਬਲਯੂ ਟੀ ਏ ਟਾਈਟਲ ਅਤੇ ਦੋ ਪ੍ਰੀਮੀਅਰ ਟਾਈਟਲ ਜਿੱਤਣ ਦਾ ਮਾਣ ਹਾਸਲ ਕਰਨ ਵਾਲੀ ਬਿਆਂਕਾ ਕੋਲ, ਪਹਿਲਾਂ ਏਨੀ ਧਨ ਰਾਸ਼ੀ ਵੀ ਨਹੀਂ ਸੀ ਕਿ ਉਹ ਆਪਣੇਂ ਮਾਂ-ਬਾਪ ਨੂੰ ਆਪਣੇਂ ਨਾਲ ਟੂਰਨਾਮੈਂਟਾਂ ਵਿੱਚ ਲਿਜਾ ਸਕੇ।2019 ਤੋਂ ਪਹਿਲਾਂ ਉਸਦੀ ਸਾਲਾਨਾ ਇਨਕਮ $215,888 2019 ਸੀ ਅਤੇ ਯੂ ਐਸ ਓਪਨ ਵਿੱਚ ਉਸਨੂੰ 4 ਮਿਲੀਅਨ ਡਾਲਰ ਦੇ ਕਰੀਬ ਧੰਨ ਰਾਸ਼ੀ ਮਿਲੀ ਹੈ।

'ਡਬਲਿਊ ਟੀ ਏ ਪਲੇਅਰ ਆਫ ਦੀ ਈਅਰ' ਦੇ ਨਾਂਵਾਂ ਦੀ ਲਿਸਟ ਵਿੱਚ ਬਿਆਂਕਾ ਦਾ ਨਾਮ ਆ ਗਿਆ ਹੈ ਅਤੇ ਉਹ ਕਨੇਡਾ ਦੇ ਮਹੱਤਵਪੂਰਣ ਖਿਡਾਰੀਆਂ ਲਈ ਬਣੀਂ ਨੰਬਰ 1 'ਲੋਊ ਮਾਰਸ਼ ਟਰਾਫੀ' ਦੀ ਹੱਕਦਾਰ ਬਣ ਗਈ ਹੈ।ਜੇਕਰ ਰਿਕਾਰਡ ਦੀ ਗੱਲ ਕਰੀਏ ਤਾਂ ਉਸਦੇ ਨਾਂ ਨਾਲ ਕਈ ਟਾਈਟਲਾਂ ਦੀ ਝੜੀ ਲੱਗ ਗਈ ਹੈ।ਪੁਰਸ਼ਾਂ ਅਤੇ ਮਹਿਲਾਵਾਂ ਦੀ ਕੈਟਗਰੀ ਵਿੱਚ ਕੋਈ ਵੀ ਮੇਜਰ ਟੈਨਿਸ ਟਾਈਟਲ ਜਿੱਤਣ ਵਾਲੀ ਉਹ ਪਹਿਲੀ ਕਨੇਡੀਅਨ ਬਣ ਗਈ ਹੈ।ਸੰਨ 2000 ਤੋਂ ਬਾਅਦ ਕਿਸੇ ਵੀ ਟੀਨੇਜਰ ਨੌਜਵਾਨ ਖਿਡਾਰੀ ਵਲੋਂ ਮੇਜਟ ਟੂਰਨਾਮੈਂਟ ਜਿੱਤਣ ਦਾ ਰਿਕਾਰਡ ਵੀ ਉਸਦੇ ਨਾਂ ਵਿੱਚ ਆ ਗਿਆ ਹੈ।

2004 ਤੋਂ ਬਾਅਦ ਕਿਸੇ ਵੀ ਨੌਜਵਾਨ ਔਰਤ ਵਲੋਂ ਮੇਜਰ ਟੂਰਨਾਮੈਂਟ ਜਿੱਤਣ ਦਾ ਖਿਤਾਬ ਵੀ ਉਸਨੂੰ ਮਿਲ ਗਿਆ ਹੈ।2006 ਤੋਂ ਬਾਅਦ ਮੇਜਰ ਟੂਰਨਾਮੈਂਟ ਜਿੱਤਣ ਵਾਲੀ ਉਹ ਪਹਿਲੀ ਨੌਜਵਾਨ ਖਿਡਾਰਣ ਬਣ ਗਈ ਹੈ।ਸਾਰੀ ਦੁਨੀਆਂ ਵਿੱਚ ਕਿਸੇ ਵੀ ਔਰਤ ਵਲੋਂ ਯੂ ਐਸ ਓਪਨ ਵਿੱਚ ਪਹਿਲੀ ਵਾਰੀ ਐਂਟਰੀ ਲੈ ਕੇ,ਟੂਰਨਾਮੈਂਟ ਜਿੱਤਣ ਵਾਲੀ ਉਹ ਦੁਨੀਆਂ ਦੀ ਪਹਿਲੀ ਔਰਤ ਬਣ ਗਈ ਹੈ।ਬਿਆਂਕਾ ਦੁਆਰਾ 19 ਸਾਲ ਦੀ ਉਮਰ ਵਿੱਚ ਏਨੀਆਂ ਪ੍ਰਾਪਤੀਆਂ ਕਰਨ ਤੋਂ ਬਾਅਦ ਮੌਜੂਦਾ ਸਮੇਂ ਸਾਰੀ ਦੁਨੀਆਂ ਦੀਆਂ ਨਜ਼ਰਾਂ ਉਸ ਤੇ ਟਿਕੀਆਂ ਹੋਈਆਂ ਹਨ ਉਹ ਅਗਲਾ ਕਿਹੜਾ ਰਿਕਾਰਡ ਬਣਾਉਣ ਜਾ ਰਹੀ ਹੈ।

## ਪੰਜ ਸੌ ਸਾਲਾ ਪ੍ਰਕਾਸ਼ ਪੁਰਬ (1969 ਬਾਰੇ) ਪਿੱਛਲ-ਝਾਤ

-ਡਾ. ਧਰਮ ਸਿੰਘ

ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਕਿ ਮੈਨੂੰ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਪੁਰਬ (1969 ਈ.) ਤੇ ਅੱਜ ਕੱਲ੍ਹ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਵੇਖਣ ਦਾ ਸਬੱਬ ਬਣਿਆ ਹੈ। ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਸਮੇਂ ਮੈਂ ਕਾਲਜ ਦਾ ਵਿਦਿਆਰਥੀ ਸਾਂ ਅਤੇ ਇਹ ਸਪੱਸ਼ਟ ਨਹੀਂ ਸੀ ਕਿ ਕੀ ਕਰਨਾ ਤੇ ਕੀ ਬਣਨਾ ਹੈ? ਇਹ ਮੌਕਾ ਮੇਰੇ ਲਈ ਰਹਿਮਤ ਬਣ ਕੇ ਆਇਆ। ਉਨ੍ਹੀਂ ਦਿਨੀਂ ਮੈਂ ਖਾਲਸਾ ਕਾਲਜ ਬੀ ਏ ਭਾਗ ਦੂਜਾ ਵਿੱਚ ਪੜ੍ਹਦਾ ਸਾਂ। ਇਤਫਾਕ ਇਹ ਬਣਿਆ ਸੀ ਕਿ ਮੈਂ ਇਕਨਾਮਿਕਸ ਛੱਡ ਕੇ ਪੰਜਾਬੀ ਵਿਸ਼ਾ ਲੈ ਲਿਆ। ਕਲਾਸਾਂ ਸ਼ੁਰੂ ਹੋਈਆਂ ਤਾਂ ਆਪਣੇ ਪੰਜਾਬੀ ਟੀਚਰ ਪ੍ਰੋ. ਸੁਰਿੰਦਰ ਸਿੰਘ (ਸਰੀਨ) ਦੇ ਕਹਿਣ ਉਤੇ ਪੰਜਾਬੀ ਵਿੱਚ ਆਨਰਜ਼ ਦੇ ਪੇਪਰ ਦੇਣੇ ਵੀ ਮੰਨ ਲਏ। ਆਨਰਜ਼ ਦੇ ਚਾਰ ਪੇਪਰ ਦੂਜੇ ਪੇਪਰਾਂ ਨਾਲੋਂ ਵਾਧੂ ਸਨ, ਦੋ ਭਾਗ ਦੂਜਾ ਅਤੇ ਦੋ ਤੀਜੇ ਵਿੱਚ।

ਡੀ ਏ ਵੀ ਕਾਲਜ, ਅੰਮ੍ਰਿਤਸਰ ਵਿੱਚ ਪੜ੍ਹਾਉਂਦੇ ਪ੍ਰੋ. ਜੀ ਐਲ ਸ਼ਰਮਾ ਦਾ ਛੋਟਾ ਪੁੱਤਰ ਜਗਜੀਵਨ ਕੁਮਾਰ ਇਸ ਦੌਰਾਨ ਕੁਦਰੀ ਮੇਰਾ ਜਮਾਤੀ ਬਣ ਗਿਆ। ਪ੍ਰੋ. ਸ਼ਰਮਾ ਦੀ ਨਿੱਜੀ ਲਾਇਬਰੇਰੀ ਵਿੱਚ ਪੰਜਾਬੀ ਤੇ ਦੂਜੀਆਂ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਚੋਖਾ ਭੰਡਾਰ ਸੀ। ਜਗਜੀਵਨ ਨੂੰ ਸਿਗਰਟ ਪੀਣ ਦੀ ਆਦਤ ਸੀ ਅਤੇ ਉਹ ਝੱਸ ਪੂਰਾ ਕਰਨ ਲਈ ਕਾਲਜ ਤੋਂ ਬਾਹਰ ਆ ਜਾਂਦਾ ਅਤੇ ਚਾਹ ਦੇ ਕੱਪ ਨਾਲ ਸਿਗਰਟ ਦੇ ਕਸ਼ ਵੀ ਲਾਉਂਦਾ ਰਹਿੰਦਾ। ਉਸ ਦੇ ਭੈਣ ਭਰਾ ਵੀ ਉਚੇਰੀਆਂ ਕਲਾਸਾਂ ਵਿੱਚ ਪੜ੍ਹਦੇ ਸਨ। ਮਗਰੋਂ ਜਗਜੀਵਨ ਤੇ ਉਸ ਦਾ ਵੱਡਾ ਭਰਾ ਸਰਬਜੀਵਨ ਦੋਵੇਂ ਵੱਖ-ਵੱਖ ਕਾਲਜਾਂ ਦੇ ਟੀਚਰ ਜਾ ਲੱਗੇ। ਘਰ ਵਿੱਚ ਸਾਹਿਤਕ ਮਾਹੌਲ ਹੋਣ ਅਤੇ ਕਈ ਕਿਤਾਬਾਂ/ ਰਸਾਲੇ ਆਉਣ ਕਰਕੇ ਉਹ ਆਮ ਵਿਦਿਆਰਥੀਆਂ ਤੋਂ ਸਾਹਿਤ ਪ੍ਰਤੀ ਵਧੇਰੇ ਸਮਝ ਰੱਖਦਾ ਸੀ। ਏਸੇ ਸਾਲ ਮੈਂ ਕਾਲਜ ਵੱਲੋਂ ਨਿਕਲਦੇ ਮੈਗਜ਼ੀਨ 'ਦਰਬਾਰ' ਦਾ ਵਿਦਿਆਰਥੀ ਸੰਪਾਦਕ ਬਣ ਗਿਆ ਸਾਂ। ਇਸ ਲਈ ਆਮ ਜਾਣ ਪਛਾਣ ਨੇੜਤਾ ਵਿੱਚ ਬਦਲ ਗਈ।

ਇਕ ਦਿਨ ਚਾਹ ਦੀਆਂ ਚੁਸਕੀਆਂ ਭਰਦਿਆਂ ਉਸ ਨੇ ਮੇਰੇ ਕੋਲੋਂ ਪੁੱਛਿਆ, 'ਕੀ ਤੂੰ ਪੰਜਾਬੀ ਦੁਨੀਆਂ ਦਾ ਗੁਰੂ ਨਾਨਕ ਅੰਕ (ਨਵੰਬਰ ਦਸੰਬਰ 1969) ਵੇਖਿਆ ਹੈ?' ਮੇਰੇ ਨਾ ਕਹਿਣ ਉਤੇ ਉਹ ਮੈਨੂੰ ਆਪਣੇ ਨਾਲ ਹਾਲ ਬਾਜ਼ਾਰ ਦੇ ਬਾਹਰ ਖੋਖਿਆਂ ਵਿੱਚ ਚੱਲਦੀਆਂ ਅਖਬਾਰਾਂ/ ਰਸਾਲਿਆਂ ਦੀਆਂ ਦੁਕਾਨਾਂ 'ਤੇ ਲੈ ਗਿਆ ਤੇ ਮੈਂ ਇਕ ਰੁਪਏ ਕੀਮਤ ਦਾ ਗੁਰੂ ਨਾਨਕ ਅੰਕ ਖਰੀਦ ਲਿਆ। ਜਨਵਰੀ ਫਰਵਰੀ 1970 ਵਿੱਚ ਏਸੇ ਗੁਰੂ ਨਨਕ ਅੰਕ ਦਾ ਦੂਜਾ ਭਾਗ ਛਪਿਆ ਤੇ ਮੈਂ ਉਹ ਵੀ ਖਰੀਦ ਕੇ ਰੱਖ ਲਿਆ। ਇੰਜ ਗੁਰੂ ਨਾਨਕ ਅੰਕਾਂ ਨਾਲ ਮੇਰੀ ਨਿੱਜੀ ਲਾਇਬਰੇਰੀ ਦਾ ਮੁੱਢ ਬੱਝ ਗਿਆ। ਮਗਰੋਂ ਪੰਜਾਬੀ ਵਿੱਚ ਹੋਰ ਦਿਲਚਸਪੀ ਵਧ ਗਈ। ਇਸੇ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਹੁੰਦੇ ਰਸਾਲੇ ਗੁਰਮਤਿ ਪ੍ਰਕਾਸ਼ ਦੇ ਗੁਰੂ ਨਾਨਕ ਦੇਵ ਜੀ ਬਾਰੇ ਤਿੰਨ ਵਡ ਆਕਾਰੀ ਵਿਸ਼ੇਸ਼ ਅੰਕ ਨਿਕਲੇ। ਇਕ ਵਿੱਚ ਗੁਰੂ ਸਾਹਿਬ ਦੀ ਮੁਕੰਮਲ ਬਾਣੀ ਸੀ, ਦੂਜਾ ਫਲਸਫੇ ਬਾਰੇ ਅਤੇ ਤੀਜਾ ਇਤਿਹਾਸ ਸਬੰਧੀ। ਇਹ ਤਿੰਨੇ ਵੀ ਹਾਸਲ ਕਰ ਲਏ। ਮਗਰੋਂ ਖੋਜ ਪੱਤ੍ਰਿਕਾ ਦਾ ਗੁਰੂ ਨਾਨਕ ਅੰਕ ਵੀ ਆ ਰਲਿਆ। ਜਦ ਬੀ ਏ ਪਾਸ ਕੀਤੀ ਤਾਂ ਨਾਲ ਆਨਰਜ਼ ਵੀ ਆ ਗਈ। ਉਨ੍ਹੀਂ ਦਿਨੀਂ ਪ੍ਰੋ. ਦੀਵਾਨ ਸਿੰਘ ਅਤੇ ਗੁਰਦਿਆਲ ਸਿੰਘ ਫੁੱਲ ਵੀ ਖਾਲਸਾ ਕਾਲਜ ਦੇ ਪੰਜਾਬੀ ਵਿਭਾਗ ਵਿੱਚ ਸਨ। ਉਨ੍ਹਾਂ ਦੀ ਪ੍ਰੇਰਨਾ ਅਤੇ ਉਤਸ਼ਾਹ ਸਦਕਾ ਮੈਂ ਐਮ ਏ ਵਿੱਚ ਦਾਖਲਾ ਲੈ ਲਿਆ। ਜਦ ਐਮ ਏ ਦਾ ਅੰਤਮ ਨਤੀਜਾ ਨਿਕਲਿਆ ਤਾਂ ਮੈਂ ਆਪਣੀ ਕਲਾਸ 'ਚੋਂ ਪਹਿਲੇ ਦਰਜੇ ਦੇ ਅੰਕ ਲੈ ਕੇ ਅਵੱਲ ਰਿਹਾ ਅਤੇ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 'ਚੋਂ ਦੂਜਾ ਸਥਾਨ ਵੀ ਹਾਸਲ ਕੀਤਾ।

ਐਮ ਏ ਪਾਸ ਕਰਦਿਆਂ ਸਾਰ ਪੀ ਐਚ ਡੀ ਲਈ ਫੈਲੋਸ਼ਿਪ ਮਿਲ ਗਈ ਅਤੇ ਸੰਨ 1976 ਵਿੱਚ ਪੀ ਐਚ ਡੀ ਕਰ ਲਈ। ਉਦੋਂ ਸ਼ਾਇਦ ਪੰਜਾਬੀ ਵਿੱਚ ਸਭ ਤੋਂ ਛੋਟੀ ਉਮਰ (ਕੇਵਲ 26 ਸਾਲ) ਵਿੱਚ ਇਹ ਡਿਗਰੀ ਕਰਨ ਵਾਲਿਆਂ ਵਿੱਚ ਮੈਂ ਵੀ ਸ਼ਾਮਲ ਸੀ। ਉਸ ਸਾਲ ਯੂਨੀਵਰਸਿਟੀ ਵੱਲੋਂ ਕੇਵਲ ਤਿੰਨਾਂ ਨੂੰ ਪੀ ਐਚ ਡੀ ਮਿਲੀ ਸੀ। ਮੇਰੇ ਤੋਂ ਇਲਾਵਾ ਜੋਗਿੰਦਰ ਸਿੰਘ ਰਾਹੀ ਅਤੇ ਸਤਿੰਦਰ ਸਿੰਘ ਦੂਜੇ ਦੋ ਹੋਰ ਪ੍ਰੀਖਿਆਰਥੀ ਸਨ।

ਅੱਜ ਜਦ ਮੈਂ ਪਿੱਛਲ-ਝਾਤ ਪਾ ਕੇ ਵੇਖਦਾ ਹਾਂ ਤਾਂ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਮੇਰੇ ਜੀਵਨ ਨੂੰ ਘੜਨ ਸੁਆਰਨ ਦਾ ਸਬੱਬ ਬਣਿਆ। ਪੰਜਾਬੀ ਦੁਨੀਆ ਦੇ ਗੁਰੂ ਨਾਨਕ ਅੰਕਾਂ ਨਾਲ ਸ਼ੁਰੂ ਹੋਈ ਮੇਰੀ ਜ਼ਾਤੀ ਲਾਇਬਰੇਰੀ ਅੱਜ ਦਸ ਵੱਡੇ ਬੁੱਕ ਰੈਕਾਂ ਵਿੱਚ ਫੈਲ ਚੁੱਕੀ ਹੈ ਅਤੇ ਇਸ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਮੇਰੇ ਖੋਜ ਖੇਤਰ ਤੇ ਦਿਲਚਸਪੀ ਦੀਆਂ ਬਹੁਤੀਆਂ ਪੁਸਤਕਾਂ ਅਤੇ ਪਾਕਿਸਤਾਨ ਵਿੱਚ ਛਪੀਆਂ ਕਈ ਪੰਜਾਬੀ ਪੁਸਤਕਾਂ/ ਰਸਾਲੇ ਇਸ ਵਿੱਚ ਸੁਰੱਖਿਅਤ ਹਨ। ਖੋਜ ਤੇ ਆਲੋਚਨਾ ਨਾਲ ਸੰਬੰਧਤ ਕਈ ਰਸਾਲੇ/ ਪੁਸਤਕਾਂ ਵੀ ਇਸ ਦਾ ਹਿੱਸਾ ਹਨ ਅਤੇ ਕਈ ਦੁਰਲੱਭ ਕਿਤਾਬਾਂ ਵੀ। ਸੰਨ 1914 ਵਿੱਚ ਲੰਡਨ ਵਿੱਚ ਛਪੀ ਗੀਤਾਂਜਲੀ, 1925 ਵਿੱਚ ਪ੍ਰਕਾਸ਼ਿਤ ਸਵਾਮੀ ਦਇਆਨੰਦ ਦੀ ਗ੍ਰੰਥਮਾਲਾ, 1940 ਦੀ ਅਨੋਖੇ ਤੇ ਇਕੱਲੇ 1942 ਦੀ 'ਓ ਗੀਤਾਂ ਵਾਲਿਆ', ਅਪ੍ਰੈਲ 1947 ਦੀ 'ਪ੍ਰਸੰਨ ਲੰਮੀ ਉਮਰ ਅਤੇ ਦ੍ਰਿਸ਼ਟੀ', ਸਚਿੱਤਰ ਕੌਮੀ ਏਕਤਾ, ਆਲੋਚਨਾ ਸਿੰਘ ਸਭਾ ਪੜ੍ਰਿਕਾ, ਖੋਜ ਪੜ੍ਰਿਕਾ ਦਾ ਮੁਕੰਮਲ ਸੈਟ ਤੇ ਸਾਰੇ ਦੇ ਸਾਰੇ ਖੋਜ ਦਰਪਣ ਦੇ ਅੰਕ ਮੇਰੀ ਲਾਇਬਰੇਰੀ ਵਿੱਚ ਸਾਂਭੇ ਪਏ ਹਨ। ਮਾੜਾ ਮੋਟਾ ਕਲਮ ਝਰੀਟ ਬਣ ਜਾਣ ਨਾਲ ਸਾਢੇ ਪੰਜ ਸੌ ਸਾਲਾ ਪੁਰਬ ਮੌਕੇ ਆਪਣੀ ਸਮਝ ਅਤੇ ਸਮਰੱਥਾ ਨਾਲ ਸੈਮੀਨਾਰਾਂ, ਲੈਕਚਰਾਂ ਅਤੇ ਲਿਖਤਾਂ ਰਾਹੀਂ ਯੋਗਦਾਨ ਪਾਉਣ ਦੇ ਸਮਰੱਥ ਹੋ ਸਕਿਆ ਹਾਂ। ਇਸ ਮੌਕੇ ਮੈਨੂੰ ਭਗਤ ਕਬੀਰ ਜੀ ਦੀਆਂ ਇਹ ਸਤਰਾਂ ਯਾਦ ਆ ਰਹੀਆਂ ਹਨ:

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ,
ਜੋ ਕਿਛੁ ਹੈ ਸੋ ਤੇਰਾ।
ਤੇਰਾ ਤੁਝ ਕਉ ਸਉਪਤੇ,
ਕਿਆ ਲਾਗੈ ਮੇਰਾ।
(ਗੁਰੂ ਗ੍ਰੰਥ ਸਾਹਿਬ, ਅੰਗ 1375)


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



(416) 970-5005

Residential | Commercial | Investment

Century 21 President Realty Inc Brokerage Independently Owned and Operated

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਦਿਹਾਤੀ ਔਰਤਾਂ ਨੂੰ ਅਜੇ ਵੀ ਕੱਪੜਿਆਂ ਸਣੇ ਖੁੱਲ੍ਹੇ ਵਿੱਚ ਨਹਾਉਣਾ ਪੈ ਰਿਹੈ

-ਦੇਵੀ ਦਿਆਲ-

ਜਦੋਂ ਖੋਜਕਾਰ ਵੈਸ਼ਨਵੀ ਪਵਾਰ ਦਿਹਾਤੀ ਭਾਰਤ ਵਿੱਚ ਕੰਮ ਕਰਨ ਨਿਕਲੀ ਤਾਂ ਉਸ ਨੂੰ ਉਨ੍ਹਾਂ ਦਿਨਾਂ ਦੀ ਸ਼ਰਮ ਦਾ ਚੇਤਾ ਆ ਗਿਆ, ਜਦੋਂ ਉਹ ਮਹਾਰਾਸ਼ਟਰ 'ਚ ਆਪਣੇ ਜੱਦੀ ਪਿੰਡ ਜਾਂਦੀ ਸੀ ਅਤੇ ਉਸ ਨੂੰ ਹੋਰਨਾਂ ਔਰਤਾਂ ਨਾਲ ਇੱਕ ਖੁੱਲ੍ਹੇ ਤਲਾਬ ਵਿੱਚ ਨਹਾਉਣ ਲਈ ਮਜਬੂਰ ਕੀਤਾ ਜਾਂਦਾ ਸੀ। ਬਾਅਦ ਵਿੱਚ ਵੈਸ਼ਨਵੀ ਦੇ ਪਿਤਾ ਨੇ ਜ਼ੋਰ ਦੇ ਕੇ ਘਰ ਵਿੱਚ ਗੁਸਲਮਾਨਾ ਬਣਵਾਇਆ, ਪਰ ਦੇਸ਼ ਭਰ ਵਿੱਚ ਜ਼ਿਆਦਾ ਔਰਤਾਂ ਲਈ ਨਹਾਉਣ ਦੀ ਨਿੱਜੀ ਜਗ੍ਹਾ ਅਜੇ ਵੀ 'ਲਗਜ਼ਰੀ' ਬਣੀ ਹੋਈ ਹੈ। ਜਿੱਥੇ ਟਾਇਲੇਟ ਅਚਾਨਕ ਸਵੱਛ ਭਾਰਤ ਦਾ ਲੋਗੋ ਬਣ ਗਿਆ ਹੈ, ਉਥੇ ਮਰਦਮਸ਼ੁਮਾਰੀ ਦੇ ਅੰਕੜੇ ਦੱਸ ਰਹੇ ਹਨ ਕਿ ਦਿਹਾਤੀ ਭਾਰਤ ਵਿੱਚ 55 ਫੀਸਦੀ ਤੋਂ ਵੱਧ ਘਰਾਂ ਵਿੱਚ ਨਹਾਉਣ ਲਈ ਗੁਸਲਖਾਨੇ ਤੱਕ ਨਹੀਂ ਹਨ।

ਇੱਕ ਅਜਿਹੇ ਦੇਸ਼ 'ਚ, ਜਿੱਥੇ ਸ਼ਰਮ ਦਾ ਲਿੰਗ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਇਹ ਮੁੱਦਾ ਜ਼ਿਆਦਾਤਰ ਮਰਦਾਂ ਨੂੰ ਪ੍ਰਭਾਵਤ ਕਰਦਾ ਹੈ। ਵਿਕਾਸ ਅਣਵੇਸ਼ ਫਾਊਂਡੇਸ਼ਨ ਵੱਲੋਂ ਤਿਆਰ ਅਤੇ ਟਾਟਾ ਟਰੱਸਟਸ ਦੇ ਸਮਰਥਨ ਨਾਲ ਇੱਕ ਰਿਪੋਰਟ ਬਣਾਉਣ ਵੇਲੇ ਪੰਜਾ ਰਾਜਾਂ ਉੜੀਸਾ, ਝਾਰਖੰਡ, ਬਿਹਾਰ, ਮੱਧ ਪ੍ਰਦੇਸ਼ ਤੇ ਰਾਜਸਥਾਨ ਦੇ 44 ਪਿੰਡਾਂ ਵਿੱਚ ਔਰਤਾਂ ਨਾਲ ਹੋਈ ਗੱਲਬਾਤ ਤੋਂ ਪਤਾ ਲੱਗਾ ਕਿ ਉਨ੍ਹਾਂ 'ਚੋਂ ਲਗਭਗ ਸਾਰੀਆਂ ਅਜੇ ਵੀ ਲਗਾਤਾਰ ਖੁੱਲ੍ਹੇ ਤਲਾਬਾਂ ਵਿੱਚ ਗਰੁੱਪ ਬਣਾ ਕੇ ਕੱਪੜਿਆਂ ਸਮੇਤ ਨਹਾਉਂਦੀਆਂ ਹਨ। ਵੈਸ਼ਨਵੀ ਪਵਾਰ ਦੇ ਅਨੁਸਾਰ ਇਹ ਤ੍ਰਾਸਦੀ ਹੈ ਕਿ ਔਰਤਾਂ ਦੀ ਲਾਜ ਦੀ ਰਾਖੀ ਲਈ ਸਮਾਜ ਕੱਪੜੇ ਪਹਿਨਣ ਦੇ ਢੰਗਾਂ ਅਤੇ ਵਿਹਾਰ ਬਾਰੇ ਹਦਾਇਤਾਂ ਦਿੰਦਾ ਹੈ, ਪਰ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਨਹਾਉਣ ਲਈ ਸਹੂਲਤਾਂ ਦੇਣ ਦੀ ਪ੍ਰਵਾਹ ਨਹੀਂ ਕਰਦਾ। ਇਨ੍ਹਾਂ ਔਰਤਾਂ ਨੂੰ ਸਿਹਤ ਅਤੇ ਮਹਿਲਾ ਰੋਗਾਂ ਸੰਬੰਧੀ ਕਈ ਤਰ੍ਹਾਂ ਦੇ ਰੋਗਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਉਨ੍ਹਾਂ ਨੂੰ ਪੂਰੇ ਕੱਪੜੇ ਪਹਿਨ ਕੇ ਨਹਾਉਣ ਨੂੰ ਮਜਬੂਰ ਕੀਤਾ ਜਾਂਦਾ ਹੈ। ਕੌਮੀ ਸਿਹਤ ਮੁਹਿੰਮ ਦੇ ਤਹਿਤ ਸਾਫ-ਸਫਾਈ ਰੱਖਣ ਦੇ ਨਿਰਦੇਸ਼ ਹਨ, ਪਰ ਇਸ ਦੇ ਲਈ ਕੋਈ ਬੁਨਿਆਦੀ ਢਾਂਚਾ ਨਹੀਂ ਹੈ। ਇਹੋ ਸਮਾਂ ਹੈ ਕਿ ਔਰਤਾਂ ਨੂੰ ਨਹਾਉਣ ਲਈ ਇੱਕ ਨਿੱਜੀ, ਏਕਾਂਤ ਜਗ੍ਹਾ ਦਿੱਤੀ ਜਾਵੇ।

ਜਨਤਕ ਤਲਾਬਾਂ ਵਿੱਚ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਨ੍ਹਾਂ ਵਿੱਚ ਜੋਕਾਂ ਤੋਂ ਲੈ ਕੇ ਅਣਜਾਣ ਮਰਦ ਤੱਕ ਸ਼ਾਮਲ ਹਨ। ਇਨ੍ਹਾਂ ਦੇ ਸਿੱਟੇ ਵਜੋਂ ਔਰਤਾਂ ਨੂੰ ਆਮ ਤੌਰ ਉੱਤੇ ਸਮਾਜਕ ਪੱਖੋਂ ਭੱਦੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ 'ਤੇ ਭੱਦੀਆਂ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ, ਇਥੋਂ ਤੱਕ ਕਿ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਵੀ ਕੀਤਾ ਜਾਂਦਾ ਹੈ। ਜਦੋਂ ਉਹ ਨਹਾ ਰਹੀਆਂ ਹੁੰਦੀਆਂ ਹਨ ਜਾਂ ਨਹਾ ਕੇ ਗਿੱਲੇ ਕੱਪੜਿਆਂ ਵਿੱਚ ਘਰ ਜਾ ਰਹੀਆਂ ਹੁੰਦੀਆਂ ਹਨ ਤਾਂ ਸਭ ਦੀਆਂ ਨਜ਼ਰਾਂ ਉਨ੍ਹਾਂ 'ਤੇ ਹੁੰਦੀਆਂ ਹਨ।

ਪਹਿਲਾਂ ਤਲਾਬ ਤੇ ਨਦੀਆਂ ਆਬਾਦੀ ਤੋਂ ਸੁਰੱਖਿਅਤ ਦੂਰੀ ਉੱਤੇ ਹੁੰਦੀਆਂ ਸਨ, ਪਰ ਅੱਜ ਕੱਲ੍ਹ ਕੁਝ ਪਿੰਡਾਂ 'ਚ ਸੜਕਾਂ ਅਤੇ ਹਾਈਵੇ ਬਣ ਗਏ ਹਨ, ਜੋ ਉਨ੍ਹਾਂ ਦੇ ਬਿਲਕੁਲ ਨੇੜਿਓਂ ਲੰਘਦੇ ਹਨ। ਉੜੀਸਾ ਦੇ ਝਾਟੀਆਪਾੜਾ ਪਿੰਡ ਦੀ ਇੱਕ ਔਰਤ ਨੇ ਦੱਸਿਆ ਕਿ ਆਤਮ ਸਨਮਾਨ ਉਨ੍ਹਾਂ ਲਈ ਬਹੁਤ ਅਹਿਮ ਹੈ। ਜੇ ਔਰਤਾਂ ਇਸ ਨੂੰ ਨਹੀਂ ਰੱਖ ਸਕਦੀਆਂ ਤਾਂ ਹੋਰ ਕਿਸੇ ਚੀਜ਼ ਦਾ ਕੀ ਫਾਇਦਾ? ਹੋਰ ਪਿੰਡਾਂ ਦੇ ਅਣਜਾਣ ਲੋਕਾਂ ਸਾਹਮਣੇ ਖੁੱਲ੍ਹੇ 'ਚ ਨਹਾਉਣਾ ਉਨ੍ਹਾਂ ਦੀ ਆਪਣੀ ਮਰਜ਼ੀ ਮੁਤਾਬਕ ਨਹੀਂ ਹੁੰਦਾ। ਜਿਹੜੀਆਂ ਔਰਤਾਂ ਦੇ ਘਰਾਂ ਵਿੱਚ ਜਾਂ ਨੇੜੇ-ਤੇੜੇ ਇਸ਼ਨਾਨਘਰ ਨਹੀਂ, ਉਨ੍ਹਾਂ ਨੂੰ ਉਦੋਂ ਤੱਕ ਉਡੀਕ ਕਰਨੀ ਪੈਂਦੀ ਹੈ, ਜਦੋਂ ਤੱਕ ਪਰਵਾਰ ਦਾ ਕੋਈ ਮਰਦ ਮੈਂਬਰ ਘਰੋਂ ਬਾਹਰ ਨਾ ਚਲਾ ਜਾਵੇ। ਉਨ੍ਹਾਂ ਨੂੰ ਨਹਾਉਣ ਦਾ ਸਮਾਂ ਮਰਦਾਂ ਮੁਤਾਬਕ ਤੈਅ ਕਰਨਾ ਪੈਂਦਾ ਹੈ। ਇਥੋਂ ਤੱਕ ਕਿ ਉਨ੍ਹਾਂ ਨੂੰ ਸਰਦੀਆਂ ਵਿੱਚ ਕੜਾਕੇ ਦੀ ਠੰਢ ਦੇ ਬਾਵਜੂਦ ਮਰਦਾਂ ਦੇ ਜਾਗਣ ਤੋਂ ਪਹਿਲਾਂ ਨਹਾਉਣ ਲਈ ਮਜਬੂਰ ਹੋਣਾ ਪੈਂਦਾ ਹੈ।

ਜਦੋਂ ਔਰਤਾਂ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਲਈ ਗੁਸਲਖਾਨੇ ਕਿਉਂ ਨਹੀਂ ਤਾਂ ਕਈ ਜਵਾਬਾਂ 'ਚੋਂ ਇੱਕ ਸਮੱਸਿਆ ਪਾਣੀ ਦਾ ਕੁਨੈਕਸ਼ਨ ਨਾ ਹੋਣਾ ਸੀ। ਜ਼ਿਆਦਾ ਔਰਤਾਂ ਨੇ ਕਿਹਾ ਕਿ ਭੋਜਨ, ਕੱਪੜਿਆਂ, ਸਿਰ ਢਕਣ ਦੀ ਥਾਂ ਤੇ ਸਿਖਿਆ ਦੇ ਮੁਕਾਬਲੇ ਇਹ ਘੱਟ ਪਹਿਲ ਵਾਲਾ ਮਾਮਲਾ ਹੈ। ਕੁਝ ਔਰਤਾਂ ਨੇ ਕਿਹਾ ਕਿ ਜੇ ਉਨ੍ਹਾਂ ਨੇ ਇਹ ਮਾਮਲਾ ਆਪਣੇ ਪਰਵਾਰ ਵਿੱਚ ਉਠਾਇਆ ਤਾਂ ਉਨ੍ਹਾਂ ਨੂੰ ਮੂੰਹ-ਫੱਟ ਜਾਂ ਵਿਗੜੀਆਂ ਹੋਈਆਂ ਕਿਹਾ ਗਿਆ ਤੇ ਛੇਤੀ ਹੀ ਉਨ੍ਹਾਂ ਨੂੰ ਉਹ ਕਰਨਾ ਪਿਆ, ਜੋ ਕਰਨ ਵਿੱਚ ਭਾਰਤੀ ਮਾਹਰ ਹਨ, ਭਾਵ ਐਡਜਸਟ ਕਰਨਾ। ਇੱਕ ਮਹਿਲਾ ਸਰਪੰਚ ਨੇ ਕਿਹਾ ਕਿ ਸਵੱਛ ਭਾਰਤ ਮੁਹਿੰਮ ਪਖਾਨਿਆਂ ਦੀ ਗੱਲ ਕਰਦੀ ਹੈ, ਪਰ ਗੁਸਲਖਾਨਿਆਂ ਦੀ ਗੱਲ ਕੋਈ ਨਹੀਂ ਕਰਦਾ।

2011 ਦੀ ਮਰਦਮ ਸ਼ੁਮਾਰੀ ਦੇ ਅੰਕੜਿਆਂ ਮੁਤਾਬਕ ਪੇਂਡੂ ਭਾਰਤ ਵਿੱਚ 25.4 ਫੀਸਦੀ ਘਰਾਂ ਵਿਚ ਗੁਸਲਖਾਨੇ ਸਨ ਤੇ 19.7 ਫੀਸਦੀ ਘਰਾਂ ਵਿੱਚ ਬਿਨਾਂ ਛੱਤ ਚਾਰਦੀਵਾਰੀ ਸੀ। ਇਸ ਤਰ੍ਹਾਂ 55 ਫੀਸਦੀ ਭਾਰਤ ਬਿਨਾਂ ਗੁਸਲਖਾਨਿਆਂ ਦੇ ਕੰਮ ਚਲਾ ਰਿਹਾ ਸੀ। ਇਹ ਇੱਕ ਅਜਿਹਾ ਅੰਕੜਾ ਹੈ, ਜੋ ਭਾਰਤ ਦੇ 'ਸਵੱਛ' ਹੋਣ ਨਾਲ ਨਹੀਂ ਬਦਲਿਆ। ਸਹੂਲਤਾਂ ਤੋਂ ਵਾਂਝੇ ਲੋਕਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦਿਵਾਉਣ ਵਾਲੇ ਸੰਗਠਨ ਵਿਕਾਸ ਅਣਵੇਸ਼ ਫਾਊਂਡੇਸ਼ਨ ਦੇ ਸੰਜੀਵ ਫਾਂਸਾਲਕਰ ਦਾ ਕਹਿਣਾ ਹੈ ਕਿ ਇਸ ਵਿਸ਼ੇ ਨਾਲ ਸਮੱਸਿਆ ਇਹ ਹੈ ਕਿ ਇਸ ਬਾਰੇ ਕੋਈ ਗੱਲ ਨਹੀਂ ਕਰਦਾ। ਲਗਭਗ ਤੀਹ ਸਾਲ ਪਹਿਲਾਂ ਇਸ ਸਮੱਸਿਆ ਨੂੰ ਇੱਕ ਡਾਕਟਰ ਨੇ ਕਿਸੇ ਅਖਬਾਰ ਵਿੱਚ ਉਠਾ ਕੇ ਨਿੱਜੀ ਗੁਸਲਖਾਨਿਆਂ ਦੇ ਨਾ ਹੋਣ ਕਰ ਕੇ ਸਿਹਤ ਸੰਬੰਧੀ ਸਮੱਸਿਆਵਾਂ ਦਾ ਹਵਾਲਾ ਦਿੱਤਾ ਸੀ, ਪਰ ਫਿਰ ਕਿਤੇ ਵੀ ਕੁਝ ਸੁਣਨ ਨੂੰ ਨਹੀਂ ਮਿਲਿਆ।

# ਹਲਕਾ ਫੁਲਕਾ

ਕੁੜੀ, ''ਮੈਂ ਅਜਿਹੇ ਮੁੰਡੇ ਨਾਲ ਵਿਆਹ ਕਰਾਵਾਂਗੀ, ਜਿਸ ਦਾ ਕਾਰੋਬਾਰ ਉੱਚਾ ਹੋਵੇ।''

ਮੁੰਡਾ, ''...ਤਾਂ ਫਿਰ ਮੈਂ ਇਕਦਮ ਸਹੀ ਹਾਂ, ਮੇਰੀ ਪਹਾੜ 'ਤੇ ਹੇਅਰ ਡਰੈਸਰ ਦੀ ਦੁਕਾਨ ਹੈ।''

*********

ਅਮੀਰ-

ਬੇਟਾ, ''ਪਾਪਾ, ਅੱਜ ਬੜੀ ਗਰਮੀ ਹੈ।''

ਪਾਪਾ, ''ਬੇਟਾ, ਅਸੀਂ ਅੱਜ ਸ਼ਾਮ ਤੱਕ ਏ ਸੀ ਲੈ ਆਉਂਦੇ ਹਾਂ।''

ਗਰੀਬ-

ਬੇਟਾ, ''ਪਾਪਾ, ਅੱਜ ਕਿੰਨੀ ਗਰਮੀ ਹੈ।''

ਪਾਪਾ, ''ਚੱਲ ਤੈਨੂੰ ਗੰਜਾ ਕਰਵਾ ਲਿਆਉਂਦਾ ਹਾਂ।''

*********

ਬੱਚਾ (ਮਾਂ ਨੂੰ), ''ਮੰਮੀ, ਸਾਡੀ ਗੁਆਂਢਣ ਆਂਟੀ ਦਾ ਨਾਂ ਵੀ ਅਜੀਬ ਹੈ।''

ਮਾਂ, ''ਕਿਉਂ ...ਮੀਨਾ ਨਾਂਅ ਵਿੱਚ ਕੀ ਖਰਾਬੀ ਹੈ?''

ਬੱਚਾ, '' ਪਰ ਡੈਡੀ ਤਾਂ ਉਸ ਨੂੰ ਡਾਰਲਿੰਗ ਕਹਿ ਕੇ ਬੁਲਾਉਂਦੇ ਹਨ।''

*********

ਸੋਨੂੰ, ''ਨਵਾਂ ਫੋਨ ਕਦੋਂ ਖਰੀਦਿਆ?''

ਮੋਨੂੰ, ''ਨਵਾਂ ਨਹੀਂ, ਗਰਲ ਫ੍ਰੈਂਡ ਦਾ ਹੈ।''

ਸੋਨੂੰ, ''ਗਰਲ ਫਰੈਂਡ ਦਾ ਫੋਨ ਕਿਉਂ ਲੈ ਆਇਆਂ?''

ਮੋਨੂੰ, ''ਉਹ ਰੋਜ਼ ਕਹਿੰਦੀ ਸੀ ਕਿ ਮੇਰਾ ਫੋਨ ਨਹੀਂ ਚੁੱਕਦੇ, ਅੱਜ ਮੌਕਾ ਮਿਲਿਆ ਤਾਂ ਚੁੱਕ ਲਿਆ।''

********

# ਪੰਜਾਬ ਦੇ ਸੰਕਟ ਅਤੇ ਸਿਆਸੀ ਪਾਰਟੀਆਂ ਦੀ ਭੂਮਿਕਾ

-ਸ਼ੰਗਾਰਾ ਸਿੰਘ ਭੁੱਲਰ-

ਪੰਜਾਬ ਦੇ ਮੁੱਖ ਮੰਤਰੀ, ਮੰਤਰੀ, ਵਿਧਾਇਕ, ਐਮ ਪੀ, ਛੋਟੇ ਵੱਡੇ ਹੋਰ ਨੇਤਾ ਅਤੇ ਇਥੋਂ ਤੱਕ ਕਿ ਅਫਸਰਸ਼ਾਹ ਵੀ ਮੰਨਣ ਜਾਂ ਨਾ, ਹਕੀਕਤ ਇਹ ਹੈ ਕਿ ਪੰਜਾਬ ਇਸ ਵੇਲੇ ਇੱਕ ਨਹੀਂ, ਸਗੋਂ ਕਈ ਸੰਕਟਾਂ ਵਿੱਚ ਘਿਰਿਆ ਹੋਇਆ ਹੈ। ਸਭ ਤੋਂ ਵੱਡਾ ਅਤੇ ਪਹਿਲਾ ਮਾਲੀ ਸੰਕਟ ਹੈ। ਸਰਕਾਰ ਪਹਿਲੇ ਦਿਨੋਂ ਹੀ, ਅਤੇ ਅੱਜ ਢਾਈ ਸਾਲਾਂ ਬਾਅਦ ਵੀ, ਇਹੋ ਦਲੀਲ ਦੇ ਰਹੀ ਹੈ ਕਿ ਖਜ਼ਾਨਾ ਖਾਲੀ ਹੈ। ਦੂਜਾ ਸੰਕਟ ਪਾਣੀ ਦਾ ਹੈ। ਪਿਛਲੇ ਕਈ ਦਹਾਕਿਆਂ ਤੋਂ ਅਸੀਂ ਝੋਨਾ ਲਾ-ਲਾ ਕੇ ਧਰਤੀ ਹੇਠਲਾ ਪਾਣੀ ਬਹੁਤ ਨੀਵਾਂ ਕਰ ਛੱਡਿਆ ਹੈ। ਸਿੱਟਾ ਇਹ ਕਿ ਸੂਬੇ ਦੇ 118 ਬਲਾਕਾਂ ਵਿੱਚੋਂ ਘੱਟੋ-ਘੱਟ ਸੱਤਰ ਦਾ ਪਾਣੀ ਜ਼ਹਿਰੀਲਾ ਹੋਣ ਦੀ ਹੱਦ ਤੱਕ ਜਾ ਪੁੱਜਾ ਹੈ। ਉਧਰ ਦਿਲਚਸਪ ਗੱਲ ਇਹ ਵੀ ਕਿ ਚੌਲ ਸਾਡੀ ਖੁਰਾਕ ਹੀ ਨਹੀਂ। ਅਸੀਂ ਦੂਜਿਆਂ ਲਈ ਆਪਣਾ ਪਾਣੀ ਮੁਕਾਉਣ 'ਤੇ ਤੁਲੇ ਹੋਏ ਹਾਂ। ਤੀਜਾ ਸੰਕਟ ਕਿਸਾਨੀ ਦਾ ਹੈ। ਬਹੁ-ਗਿਣਤੀ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ। ਹੰਭ ਕੇ ਉਹ ਖੁਦਕੁਸ਼ੀਆਂ ਦੇ ਰਾਹ ਤੁਰ ਪਏ ਹਨ। ਪਿਛਲੇ ਢਾਈ-ਤਿੰਨ ਸਾਲਾਂ ਤੋਂ ਖੁਦਕੁਸ਼ੀਆਂ ਦੀ ਔਸਤਨ ਦਰ ਰੋਜ਼ਾਨਾ ਇੱਕ ਤੋਂ ਲੈ ਕੇ ਘੱਟੋ-ਘੱਟ ਤਿੰਨ ਤੱਕ ਪਹੁੰਚ ਗਈ ਹੈ। ਚੌਥਾ ਨਸ਼ਿਆਂ ਦਾ ਸੰਕਟ ਹੈ। ਕੈਪਟਨ ਸਰਕਾਰ ਨੇ ਇੱਕ ਮਹੀਨੇ ਵਿੱਚ ਨਸ਼ਾ ਖਤਮ ਕਰਨ ਦੀ ਸਹੁੰ ਖਾਧੀ ਸੀ। ਅੱਜ ਢਾਈ ਸਾਲਾਂ ਪਿੱਛੋਂ ਵੀ ਸਭ ਕੁਝ ਜਿਉਂ ਦਾ ਤਿਉਂ ਹੈ। ਪੰਜਵਾਂ, ਬੇਰੋਜ਼ਗਾਰੀ ਦਾ ਹਾਲ ਹੈ। ਸਰਕਾਰ ਨੇ ਹਰ ਘਰ 'ਚ ਇੱਕ ਜੀਅ ਨੂੰ ਰੋਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ, ਜੋ ਪੂਰਾ ਨਹੀਂ ਹੋ ਸਕਿਆ। ਮੁਲਾਜ਼ਮਾਂ ਦਾ ਸੰਕਟ ਹੈ। ਉਹ ਆਪਣੀਆਂ ਮੰਗਾਂ ਲਈ ਆਏ ਦਿਨ ਧਰਨੇ-ਮੁਜ਼ਾਹਰੇ ਕਰ ਰਹੇ ਹਨ, ਟੈਂਕੀਆਂ 'ਤੇ ਚੜ੍ਹ ਰਹੇ ਹਨ। ਨਵੇਂ ਮੁਲਾਜ਼ਮਾਂ ਦੀ ਭਰਤੀ ਨਹੀਂ ਹੋ ਰਹੀ, ਪੁਰਾਣਿਆਂ ਨੂੰ ਲੋੜੋਂ ਵੱਧ ਕੰਮ ਕਰਨਾ ਪੈ ਰਿਹਾ ਹੈ। ਇੱਕ ਅੰਦਾਜ਼ੇ ਮੁਤਾਬਕ ਅੱਜ ਹਰ ਮਹਿਕਮੇ ਵਿੱਚ ਜੋ ਭਰਤੀ ਦੋ-ਢਾਈ ਦਹਾਕੇ ਪਹਿਲਾਂ ਸੀ, ਉਹ ਅੱਧੀ ਰਹਿ ਗਈ ਹੈ। ਇਸ ਤਰ੍ਹਾਂ ਸਰਕਾਰੀ ਦਫਤਰਾਂ ਵਿੱਚ ਕੰਮ ਕਰਾਉਣ ਆਏ ਲੋਕਾਂ ਦੀ ਖੱਜਲ-ਖੁਆਰੀ ਹੁੰਦੀ ਹੈ।

ਇੱਕ ਹੋਰ ਸੰਕਟ ਹੈ ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ। ਕੋਈ ਕੰਮ ਪੈਸੇ ਦੇ ਬਿਨਾਂ ਨਹੀਂ ਹੁੰਦਾ, ਭਲੇ ਹੀ ਸੁਵਿਧਾ ਸੈਂਟਰ ਅਤੇ ਸਾਂਝ ਕੇਂਦਰ ਲੋਕਾਂ ਦੇ ਫਾਇਦੇ ਲਈ ਬਣਾਏ ਹੋਏ ਹਨ। ਇੱਕ ਵਾਰੀ ਜਾ ਕੇ ਗੇੜ ਮਾਰ ਲਓ, ਸਭ ਗਿਆਨ ਹੋ ਜਾਵੇਗਾ। ਮੁਲਾਜ਼ਮ ਇਸ ਗੱਲੋਂ ਦੁਖੀ ਹਨ ਕਿ ਉਨ੍ਹਾਂ ਦੇ ਟੀ ਏ, ਡੀ ਏ ਵਾਸਤੇ ਕਈ ਸਾਲਾਂ ਤੋਂ ਬਕਾਇਆ ਪਏ ਹਨ। ਮੰਤਰੀਆਂ, ਵਿਧਾਇਕਾਂ ਤੇ ਅਫਸਰਾਂ ਨੂੰ ਤੁਰੰਤ ਅਦਾਇਗੀ ਹੋ ਜਾਂਦੀ ਹੈ। ਖਾਲੀ ਖਜ਼ਾਨੇ ਦੇ ਬਾਵਜੂਦ ਮੰਤਰੀਆਂ ਦਾ ਆਮਦਨ ਟੈਕਸ ਸਰਕਾਰੀ ਖਜ਼ਾਨੇ ਵਿੱਚੋਂ ਭਰਿਆ ਜਾਂਦਾ ਹੈ। ਰੇਤ, ਕੇਬਲ ਅਤੇ ਟਰਾਂਸਪੋਰਟ ਵਰਗੇ ਹੋਰ ਕਈ ਸੰਕਟ ਵੀ ਹਨ। ਇਸ ਉਪਰੰਤ ਸਿਖਿਆ ਅਤੇ ਸਿਹਤ ਵਰਗੇ ਮਹਿਕਮਿਆਂ ਵਿੱਚ ਨਿੱਜੀਕਰਨ ਦਾ ਬੋਲਬਾਲਾ ਹੋਣ ਲੱਗਾ ਹੈ।

ਪੰਜਾਬ ਛੋਟਾ ਜਿਹਾ ਸੂਬਾ ਹੈ, ਮੁਸ਼ਕਲ ਨਾਲ ਚਿੜੀ ਦੇ ਪੰਜੇ ਜਿੱਡਾ। ਸਿਰਫ ਬਾਈ ਜ਼ਿਲ੍ਹੇ ਅਤੇ ਆਬਾਦੀ ਲਗਭਗ ਪੌਣੇ ਛੋਟੇ ਜਿਹੇ ਸੂਬੇ ਨੂੰ ਜੇ ਅੱਜ ਅਨੇਕ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ? ਕੀ ਸਿਆਸੀ ਲੀਡਰਸ਼ਿਪ ਤੇ ਪ੍ਰਸ਼ਾਸਕੀ ਢਾਂਚਾ ਏਨਾ ਨਿਰਉਤਸ਼ਾਹਤ ਹੋ ਗਿਆ ਹੈ ਜਾਂ ਉਹਦੀ ਇੱਛਾ-ਸ਼ਕਤੀ ਹੀ ਨਹੀਂ ਕਿ ਪੰਜਾਬ, ਜਿਹੜਾ ਕੁਝ ਦਹਾਕੇ ਪਹਿਲਾਂ ਤੱਕ ਦੇਸ਼ ਦੀ ਖੜਗ ਭੁਜਾ ਸੀ, ਪੂਰੇ ਦੇਸ਼ ਲਈ ਸਭ ਤੋਂ ਵੱਧ ਅਨਾਜ ਪੈਦਾ ਕਰਦਾ ਸੀ, ਹਰ ਮਸਲੇ 'ਤੇ ਇਸ ਦੀ ਵੱਡੀਆਂ ਕੁਰਬਾਨੀਆਂ ਦੀ ਭੂਮਿਕਾ ਰਹੀ ਹੈ, ਇਸ ਨੇ ਵਿਸ਼ਵ ਜੰਗਾਂ ਲੜੀਆਂ, ਮੁਗਲਾਂ ਤੇ ਅੰਗਰੇਜ਼ਾਂ ਨਾਲ ਹੋਈਆਂ ਲੜਾਈਆਂ ਵਿੱਚ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਹਨ ਅਤੇ ਘੋੜਿਆਂ ਦੀਆਂ ਟਾਪਾਂ ਨੂੰ ਥੰਮ੍ਹਿਆ ਹੈ, ਪਾਕਿਸਤਾਨ ਨਾਲ ਜੰਗਾਂ ਵਿੱਚ ਬੇਮਿਸਾਲ ਬਹਾਦਰੀ ਦਿਖਾਈ ਹੈ, ਅੱਜ ਬਲਦੀ ਦੇ ਬੁੱਥੇ ਆਇਆ ਪਿਆ ਹੈ। ਆਓ ਵੇਖੀਏ ਇਨ੍ਹਾਂ ਸਭ ਸੰਕਟਾਂ ਵਿੱਚੋਂ ਉਭਰਨ ਜਾਂ ਉਭਾਰਨ ਲਈ ਪੰਜਾਬ ਦੀਆਂ ਸਿਆਸੀ ਧਿਰਾਂ ਦੀ ਭੂਮਿਕਾ ਕੀ ਹੈ?

ਪੰਜਾਬ ਵਿੱਚ ਗਿਣਤੀ ਪੱਖੋਂ ਸਿਆਸੀ ਧਿਰਾਂ ਬੇਸ਼ੁਮਾਰ ਹਨ। ਇੱਟ ਪੁੱਟੋ ਤਾਂ ਸਿਆਸੀ ਧਿਰ। ਕਈ ਕੌਮੀ, ਖੇਤਰੀ ਅਤੇ ਕਈ ਬੱਸ ਇੱਕ-ਇੱਕ, ਦੋ-ਦੋ ਚੌਧਰੀਆਂ ਵਾਲੀਆਂ ਧਿਰਾਂ ਹਨ। ਉਂਝ ਪਿਛਲੇ 70-72 ਸਾਲਾਂ ਤੋਂ ਇਥੇ ਬਹੁਤਾ ਦਾਰੋਮਦਾਰ ਕਾਂਗਰਸ, ਅਕਾਲੀ ਦਲ ਅਤੇ ਵਿੱਚ-ਵਿੱਚ ਨਵੀਆਂ ਚੱਲੀਆਂ ਇੱਕ-ਦੋ ਹੋਰ ਪਾਰਟੀਆਂ ਦਾ ਰਿਹਾ। ਅੱਜ ਇੱਕ ਹੋਰ ਧਿਰ ਆਮ ਆਦਮੀ ਪਾਰਟੀ ਸ਼ਾਮਲ ਹੋ ਗਈ ਹੈ। ਕੁੱਲ ਮਿਲਾ ਕੇ ਤਿੰਨ ਧਿਰਾਂ। ਸਵਾਲ ਇਹ ਹੈ ਕਿ ਕੀ ਪੰਜਾਬ ਦੇ ਇਨ੍ਹਾਂ ਸਭ ਸੰਕਟਾਂ ਨਾਲ ਸਿੱਝਣ ਦੀ ਜ਼ਿੰਮੇਵਾਰੀ ਸਿਰਫ ਸੱਤਾਧਾਰੀ ਪਾਰਟੀ ਕਾਂਗਰਸ ਦੀ ਹੈ, ਹੋਰ ਕਿਸੇ ਦੀ ਨਹੀਂ?

ਲੋਕਰਾਜੀ ਸੰਵਿਧਾਨ ਕਹਿੰਦਾ ਹੈ ਕਿ ਕਿਸੇ ਵੀ ਦੇਸ਼ ਜਾਂ ਸੂਬੇ ਵਿਚਲੀਆਂ ਵਿਰੋਧੀ ਧਿਰਾਂ ਜਾਂ ਹੋਰ ਪਾਰਟੀਆਂ ਇਹੋ ਜਿਹੇ ਮਸਲਿਆਂ 'ਤੇ ਹਾਕਮ ਧਿਰ ਨੂੰ ਸਹਿਯੋਗ ਦੇਣ। ਕੀ ਪੰਜਾਬ ਦੀਆਂ ਇਹ ਦੋਵੇਂ ਵਿਰੋਧੀ ਧਿਰਾਂ (ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ) ਸਹਿਯੋਗ ਦੇ ਰਹੀਆਂ ਹਨ? ਜਵਾਬ ਸਿੱਧਾ ਸਪੱਸ਼ਟ ਨਹੀਂ ਵਿੱਚ ਹੈ। ਮੰਨਿਆ ਸਰਕਾਰ ਦੀਆਂ ਕੁਝ ਨੀਤੀਆਂ ਗਲਤ ਹੋ ਸਕਦੀਆਂ ਹਨ, ਪਰ ਸਹਿਯੋਗ ਨਾ ਦੇਣ ਦੀ ਇਨ੍ਹਾਂ ਨੇ ਸਹੁੰ ਖਾਧੀ ਹੋਈ ਹੈ। ਭਾਰਤ ਦੇ ਸਿਆਸੀ ਢਾਂਚੇ ਦਾ ਇਹੋ ਵੱਡਾ ਦੁਖਾਂਤ ਹੋ ਗਿਆ ਕਿ ਵਿਰੋਧੀ ਧਿਰਾਂ ਤਮਾਸ਼ਾ ਵੇਖਣ ਵਾਲੀਆਂ ਬਣ ਗਈਆਂ ਹਨ। ਰੱਬ ਹੀ ਰਾਖਾ ਹੈ।

ਪੰਜਾਬ ਦੀਆਂ ਜਿਹੜੀਆਂ ਤਿੰਨਾਂ ਸਿਆਸੀ ਧਿਰਾਂ ਦਾ ਉਪਰ ਜ਼ਿਕਰ ਕੀਤਾ ਹੈ, ਇਨ੍ਹਾਂ ਵਿੱਚੋਂ ਦੋ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਅੱਜ ਤੱਕ ਵਾਰੋ-ਵਾਰੀ ਹਕੂਮਤ ਕਰਦੀਆਂ ਰਹੀਆਂ ਹਨ। ਆਮ ਆਦਮੀ ਪਾਰਟੀ ਸਿਰਫ ਪੰਜ-ਛੇ ਸਾਲ ਤੋਂ ਪੰਜਾਬ ਦੇ ਸਿਆਸੀ ਨਕਸ਼ੇ ਉਤੇ ਉਭਰੀ ਹੈ। ਦਿੱਲੀ ਵਿੱਚ ਇਸ ਦੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਦੂਜੀ ਸਰਕਾਰ ਚੱਲ ਰਹੀ ਹੈ। ਹਿੰਦੁਸਤਾਨ ਵਿੱਚ ਇਹ ਹੋਰ ਕਿਤੇ ਥਾਂ ਨਹੀਂ ਬਣਾ ਸਕੀ। ਪੰਜਾਬ ਵਿੱਚ ਇਸ ਨੇ ਲੋਕ ਸਭਾ ਦੀਆਂ ਯਕਦਮ ਚਾਰ ਸੀਟਾਂ ਜਿੱਤ ਕੇ ਆਪਣੀ ਪੈਠ ਬਣਾ ਲਈ, ਪਰ ਐਤਕੀਂ ਦੀਆਂ ਆਮ ਚੋਣਾਂ ਵਿੱਚ ਇੱਕ ਸੀਟ ਜਿੱਤ ਸਕੀ। ਪੰਜਾਬ ਵਿੱਚ 2017 ਦੀਆਂ ਚੋਣਾਂ ਵਿੱਚ ਇਸ ਦੀ ਸਰਕਾਰ ਬਣਨ ਦੇ ਆਸਾਰ ਨਜ਼ਰ ਆਏ ਸਨ, ਪਰ ਕੇਜਰੀਵਾਲ ਦੀਆਂ ਆਪਹੁਦਰੀਆਂ ਕਾਰਨ ਸਾਰਾ ਗੁੜ-ਗੋਬਰ ਹੋ ਗਿਆ। ਪਾਰਟੀ ਪਿਛਲੇ ਦੋ-ਢਾਈ ਸਾਲਾਂ ਵਿੱਚ ਕਈ ਧੜਿਆਂ ਵਿੱਚ ਵੰਡੀ ਜਾ ਚੁੱਕੀ ਹੈ। ਲੱਗਦਾ ਨਹੀਂ ਕਿ ਇਹ ਪਹਿਲਾਂ ਵਾਂਗ ਆਪਣੇ ਪੈਰ ਮਜ਼ਬੂਤ ਕਰ ਸਕੇ।

ਉਂਝ ਪੰਜਾਬ ਨੂੰ ਉਪਰੋਕਤ ਸੰਕਟਾਂ ਵਿੱਚੋਂ ਕੱਢਣ ਲਈ ਨਾ ਇਸ ਧਿਰ ਦੀ ਕੋਈ ਠੋਸ ਨੀਤੀ ਹੈ ਅਤੇ ਨਾ ਅਜਿਹਾ ਕੁਝ ਸਾਹਮਣੇ ਆਇਆ ਹੈ, ਬਿਨਾਂ ਬਿਆਨਬਾਜ਼ੀ ਦੇ, ਵਰਨਾ ਤਕੜੀ ਵਿਰੋਧੀ ਧਿਰ ਸਰਕਾਰ ਨੂੰ ਕਈ ਵਾਰ ਦਬਾ ਸਕਦੀ ਹੈ। ਦੂਜੀ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ 2014-15 ਵਿੱਚ ਸੂਬੇ 'ਚ ਹੋਏ ਬੇਅਦਬੀ ਕਾਂਡਾਂ ਕਰ ਕੇ ਆਪਣੇ ਲੋਕਾਂ ਤੋਂ ਇਸ ਕਦਰ ਦੂਰ ਹੋ ਚੁੱਕੀ ਹੈ ਕਿ ਇਸ ਦਾ ਵਜੂਦ ਹੈ, ਪਰ ਸਾਹਸੱਤ ਨਹੀਂ ਹੈ। ਰਹਿੰਦੀ-ਖੂੰਹਦੀ ਕਸਰ ਇਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਲੋਕ ਸਭਾ ਸੀਟ ਜਿੱਤਣ ਪਿੱਛੋਂ ਦਿੱਲੀ ਜਾ ਬੈਠਣ ਨਾਲ ਪੂਰੀ ਹੋ ਗਈ। ਪੰਜਾਬ ਵਿੱਚ ਕੋਈ ਤਕੜਾ ਅਕਾਲੀ ਲੀਡਰ ਨਹੀਂ ਰਿਹਾ, ਜੋ ਕਾਂਗਰਸ ਸਰਕਾਰ ਨੂੰ ਚੁਣੌਤੀ ਦੇ ਸਕੇ। ਸਭ ਤੋਂ ਵੱਡਾ ਰੌਲਾ ਕੈਪਟਨ ਅਮਰਿੰਦਰ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਦੋਵਾਂ ਵੱਲੋਂ ਰਲ ਕੇ ਦੋਸਤਾਨਾ ਮੈਚ ਖੇਡਣ ਦਾ ਹੈ, ਜਿਸ ਦਾ ਕਈ ਵਿਧਾਇਕ ਤੇ ਹਾਕਮ ਧਿਰ ਦੇ ਮੰਤਰੀ, ਵਿਧਾਇਕ ਅਤੇ ਐੱਮ ਪੀ ਵੀ ਦੋਸ਼ ਲਾਉਂਦੇ ਹਨ। ਕੈਪਟਨ ਅਤੇ ਸੁਖਬੀਰ ਬਾਦਲ ਆਪੋ ਵਿੱਚ ਘਿਓ-ਖਿਚੜੀ ਹਨ। ਇਸ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੈਪਟਨ ਸਰਕਾਰ ਦੇ ਇਸ ਸੰਕਟ ਵਿੱਚੋਂ ਬਾਹਰ ਨਿਕਲਣ ਲਈ ਮਦਦ ਕਰਨ ਜਾਂ ਫਿਰ ਸਿੱਧੀ ਲੜਾਈ ਲੜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜ਼ਾਹਰ ਹੈ ਕਿ ਜਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਾ ਕੋਈ ਆਪਣਾ ਅਤੇ ਨਾ ਹੀ ਬੇਗਾਨਾ ਰੋਕਣ-ਟੋਕਣ ਵਾਲਾ ਹੈ ਤਾਂ ਉਹ ਕਿਉਂ ਨਾ ਸਿਰਹਾਣੇ ਹੇਠਾਂ ਬਾਂਹ ਰੱਖ ਕੇ ਸੌਣ। ਇਹ ਸਭ ਸੰਕਟ ਤਾਂ ਲੋਕਾਂ ਦੇ ਹਨ ਅਤੇ ਓਹੀਓ ਜਾਨਣ।

# ਸੇਵਾਮੁਕਤੀ ਮਗਰੋਂ ਮਨਫੀ ਹੁੰਦਾ ਆਦਮੀ

-ਵਰਿੰਦਰ ਸ਼ਰਮਾ




ਜ਼ਿੰਦਗੀ ਦੇ ਉਹ ਪਲ ਬੇਹੱਦ ਦੁਖਦਾਈ ਹੁੰਦੇ ਹਨ, ਜਦੋਂ ਕਿਸੇ ਵਿਅਕਤੀ ਨੂੰ ਸੇਵਾ ਮੁਕਤੀ ਤੋਂ ਬਾਅਦ ਆਪਣੇ ਹੀ ਸਾਥੀਆਂ, ਸਮਾਜ, ਦਫਤਰ ਜਾਂ ਸੰਸਥਾਨ ਵੱਲੋਂ ਓਦਾਂ ਦਾ ਆਦਰ ਸਤਿਕਾਰ ਨਹੀਂ ਮਿਲਦਾ, ਜੋ ਕਦੇ ਉਸ ਨੂੰ ਕੰਮ ਕਰਨ ਵੇਲੇ ਮਿਲਦਾ ਸੀ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਪਿਆਰ ਦੀ ਥਾਂ ਰੁੱਖੇਪਣ ਨੇ ਕਿਉਂ ਲੈ ਲਈ ਹੈ? ਖੁਸ਼ ਕੋਈ ਜਾਪਦਾ ਹੀ ਨਹੀਂ ਜਾਂ ਸ਼ਾਇਦ ਖੁਸ਼ ਰਹਿਣਾ ਨਹੀਂ ਚਾਹੁੰਦਾ।

ਨਿਰ ਸੰਦੇਹ ਪੁਰਾਤਨ ਸਮਾਂ ਵਧੀਆ ਸੀ, ਕਿਉਂਕਿ ਲੋਕਾਂ ਵਿੱਚ ਮੋਹ-ਪਿਆਰ ਅਤੇ ਭਾਈਚਾਰੇ ਦੀਆਂ ਤੰਦਾਂ ਬਹੁਤ ਮਜ਼ਬੂਤ ਸਨ। ਤ੍ਰਾਸਦੀ ਇਹ ਹੈ ਕਿ ਹੁਣ ਲੋਕਾਂ ਵਿੱਚ ਅਜਿਹੀਆਂ ਭਾਵਨਾਵਾਂ ਦੀ ਘਾਟ ਹੈ। ਜ਼ਿਆਦਾਤਰ ਲੋਕ ਆਪਮੁਹਾਰੇ ਬਣਦੇ ਜਾ ਰਹੇ ਹਨ। ਸ਼ਾਇਦ ਇਸੇ ਲਈ ਰਿਸ਼ਤੇ-ਨਾਤੇ, ਦੋਸਤੀ ਤੇ ਆਪਸੀ ਸਾਂਝ ਖਤਮ ਹੁੰਦੀ ਜਾ ਰਹੀ ਹੈ। ਜਦੋਂ ਕਿਸੇ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਰੱਖ ਦਿੱਤਾ ਜਾਵੇ ਤਾਂ ਮਨ ਬੜਾ ਦੁਖੀ ਹੁੰਦਾ ਹੈ। ਉਹ ਦਫਤਰ ਜਾਂ ਸੰਸਥਾ, ਜਿੱਥੇ ਇਨਸਾਨ ਨੇ 30-35 ਸਾਲ ਕੰਮ ਕੀਤਾ ਹੁੰਦਾ ਹੈ, ਉਥੇ ਉਸ ਨੂੰ ਪਹਿਲਾਂ ਵਰਗਾ ਨਿੱਘ, ਪਿਆਰ ਨਹੀਂ ਮਿਲਦਾ। ਉਸ ਦਾ ਸਵਾਗਤ ਜਦੋਂ ਗਰਮਜੋਸ਼ੀ ਨਾਲ ਨਹੀਂ ਹੁੰਦਾ ਤਾਂ ਮਨ ਮਸੋਸ ਕੇ ਰਹਿ ਜਾਂਦਾ ਹੈ। ਇਸੇ ਲਈ ਉਸ ਨੂੰ ਹੁਣ ਉਸ ਥਾਂ ਦੀਆਂ ਕੰਧਾਂ ਵੀ ਓਪਰੀਆਂ ਜਾਪਦੀਆਂ ਹਨ। ਜਿਹੜੀ ਕੁਰਸੀ ਉੱਤੇ ਉਹ ਕਈ ਵਰ੍ਹੇ ਬੈਠਾ ਹੁੰਦਾ ਹੈ, ਉਹ ਕੁਰਸੀ ਉਸ ਨੂੰ ਪਰਾਈ ਲੱਗਦੀ ਹੈ। ਆਪਣੇ ਹੀ ਬੰਦੇ ਉਸ ਨੂੰ ਬੈਠਣ ਲਈ ਕੁਰਸੀ ਵੀ ਨਹੀਂ ਦਿੰਦੇ। ਉਸ ਵੇਲੇ ਉਸ ਦੇ ਮਨ ਦੇ ਭਾਵ ਉਹ ਖੁਦ ਹੀ ਜਾਣ ਸਕਦਾ ਹੈ। ਅਜਿਹੇ ਵਿਹਾਰ ਦਾ ਪ੍ਰਚਲਨ ਤੇਜ਼ੀ ਨਾਲ ਕਿਉਂ ਵਧ ਰਿਹਾ ਹੈ। ਕੀ ਇਸ ਵਿੱਚ ਸੇਵਾਮੁਕਤ ਆਦਮੀ ਦਾ ਸਾਰਾ ਕਸੂਰ ਹੈ ਜਾਂ ਮੌਜੂਦਾ ਸਟਾਫ ਦਾ? ਦਰਅਸਲ ਇਹ ਮਸਲਾ ਬਹੁਤ ਗੰਭੀਰ ਹੈ। ਇਹ ਗੰਭੀਰ ਸਵਾਲ, ਜਵਾਬ ਮੰਗਦਾ ਹੈ।

ਕਿੰਨੀ ਮੰਦਭਾਗੀ ਗੱਲ ਹੈ ਕਿ ਸੇਵਾ-ਮੁਕਤ ਵਿਅਕਤੀ ਨੂੰ ਜ਼ਿਆਦਾਤਰ ਆਪਣੇ ਹੀ ਦਫਤਰ ਵਾਲਿਆਂ ਨੇ ਕੁਰਸੀ ਤਾਂ ਕੀ ਦੇਣੀ, ਸਗੋਂ ਉਸ ਨਾਲ ਦੋ ਲਫਜ਼ ਹਮਦਰਦੀ ਦੇ ਵੀ ਨਹੀਂ ਬੋਲਦੇ, ਉਸ ਦਾ ਹਾਲਚਾਲ ਤੱਕ ਵੀ ਨਹੀਂ ਪੁੱਛਦੇ। ਇਹ ਵੀ ਸੰਭਵ ਹੈ ਕਿ ਕਿਸੇ ਪਰਵਾਰਕ ਮਸਲੇ 'ਤੇ ਉਸ ਦੀ ਪੁੱਛਗਿੱਛ ਘਟ ਗਈ ਹੋਵੇ, ਪਰ ਉਸ ਦੀ ਦਿੱਤੀ ਨੇਕ ਸਲਾਹ ਕਿਸੇ ਵਿਪਰੀਤ ਪਰਸਥਿਤੀ ਨੂੰ ਸੁਖਾਲਾ ਬਣਾ ਸਕਦੀ ਹੈ। ਜੇ ਕੰਮ ਕਰਨ ਦੌਰਾਨ ਉਹ ਸਮਾਜ ਦਾ ਇੱਕ ਮਹੱਤਵ ਪੂਰਨ ਹਿੱਸਾ ਸੀ ਤਾਂ ਹੁਣ ਵੀ ਉਹ ਇਸੇ ਸਮਾਜ ਦਾ ਅਨਿੱਖੜਵਾਂ ਅੰਗ ਹੈ।

ਕਿਸੇ ਵਿਅਕਤੀ ਨੂੰ ਸੇਵਾ ਮੁਕਤੀ ਤੋਂ ਬਾਅਦ ਮਨਫੀ ਕਰ ਦੇਣਾ ਕੋਈ ਚੰਗੀ ਗੱਲ ਨਹੀਂ। ਉਹ ਵੀ ਕਦੇ ਸਾਡੇ ਵਿੱਚੋਂ ਸੀ। ਉਸ ਦੀ ਸਲਾਹ ਹੁਣ ਵੀ ਕੰਮ ਆ ਸਕਦੀ ਹੈ। ਦਫਤਰ ਤੋਂ ਬਾਅਦ ਉਸ ਨੂੰ ਬਾਹਰ ਕਤਾਰ ਵਿੱਚ ਖੜ੍ਹਾ ਕਰਨਾ ਬਹੁਤ ਗਲਤ ਗੱਲ ਹੈ। ਇਹ ਤਾਂ ਉਸ ਦਾ ਨਿਰਾਦਰ ਕਰਨ ਦੇ ਬਰਾਬਰ ਹੈ। ਉਂਝ ਸਿੱਕੇ ਦਾ ਦੂਜਾ ਪਾਸਾ ਵੀ ਹੈ ਕਿ ਸੇਵਾ ਮੁਕਤ ਵਿਅਕਤੀ ਦਾ ਵਤੀਰਾ ਕੰਮ ਦੌਰਾਨ ਸਾਥੀਆਂ ਨਾਲ ਚੰਗਾ ਨਹੀਂ ਸੀ ਤਾਂ ਉਸ ਨਾਲ ਰੁੱਖੇ ਵਤੀਰੇ ਦੀ ਸਮਝ ਆਉਂਦੀ ਹੈ, ਪਰ ਨੇਕਦਿਲ ਇਨਸਾਨ, ਇਮਾਨਦਾਰ, ਮਿਹਨਤੀ ਤੇ ਚਰਿਤਰਵਾਨ ਨਾਲ ਇਹ ਵਿਹਾਰ ਹੋਵੇ ਤਾਂ ਗੱਲ ਸਮਝ ਤੋਂ ਪਰ੍ਹੇ ਹੈ।

ਚੇਤੇ ਰਹੇ ਕਿ ਅਸੀ ਵੀ ਕਿਸੇ ਦਿਨ ਸੇਵਾ ਮੁਕਤ ਹੋਣਾ ਹੈ। ਫਿਰ ਸਾਡੇ ਨਾਲ ਵੀ ਕੋਈ ਭੈੜਾ ਵਰਤਾਓ ਕਰ ਸਕਦਾ ਹੈ। ਇਸ ਨਾਲ ਸਾਡੇ ਮਨ 'ਤੇ ਕੀ ਬੀਤੇਗੀ? ਅਸੀਂ ਆਪਣੇ ਵਰਤੋਂ ਵਿਹਾਰ ਅਤੇ ਸ਼ੈਲੀ ਵਿੱਚ ਸੁਧਾਰ ਲਿਆਈਏ। ਅਸੀਂ ਜਿਹੜੇ ਵਿਹਾਰ ਦੀ ਦੂਜਿਆਂ ਤੋਂ ਆਪਣੇ ਲਈ ਆਸ ਰੱਖਦੇ ਹਾਂ, ਉਹੀ ਵਿਹਾਰ ਅਸੀਂ ਦੂਜਿਆਂ ਪ੍ਰਤੀ ਵੀ ਅਪਣਾਈਏ। ਜੇ ਸਾਡੇ ਕੰਮ ਤੋਂ ਸਾਰੇ ਦਿਨ ਵਿੱਚ ਇੱਕ ਇਨਸਾਨ ਵੀ ਖੁਸ਼ ਹੋ ਕੇ ਚਲਾ ਗਿਆ ਤਾਂ ਸਮਝੋ ਸਾਡਾ ਕੀਤਾ ਕੰਮ ਸਾਰਥਕ ਹੋ ਗਿਆ। ਅਸੀਂ ਸਾਰਿਆਂ ਨੂੰ ਖੁਸ਼ ਤੇ ਸੰਤੁਸ਼ਟ ਨਹੀਂ ਕਰ ਸਕਦੇ, ਪਰ ਕੋਸ਼ਿਸ਼ ਤਾਂ ਕਰੀਏ।

ਮਾਣ-ਸਨਮਾਨ ਮਿਲਣ ਨਾਲ ਹਰ ਵਿਅਕਤੀ ਦੀ ਰੂਹ ਖੁਸ਼ ਹੋ ਜਾਂਦੀ ਹੈ। ਸੇਵਾ ਮੁਕਤ ਹੋਇਆ ਵਿਅਕਤੀ ਆਪਣੇ ਆਪ ਨੂੰ ਇਕੱਲਾ ਨਾ ਸਮਝੇ। ਉਹ ਸਮਾਜਕ ਸੰਸਥਾਵਾਂ ਨਾਲ ਜੁੜ ਕੇ ਸਮਾਜ ਸੇਵਾ ਕਰ ਸਕਦਾ ਹੈ। ਇਉਂ ਉਸ ਨੂੰ ਮੁੜ ਉਹੀ ਰੁਤਬਾ ਹਾਸਲ ਹੋ ਸਕਦਾ ਹੈ, ਜਿਸ ਦੀ ਇੱਛਾ ਰੱਖਦਾ ਹੈ। ਉਸ ਨੂੰ ਨੌਕਰੀ ਵੇਲੇ ਦੀਆਂ ਮਿਲੀਆਂ ਸੁੱਖ-ਸਹੂਲਤਾਂ ਬਾਰੇ ਜ਼ਿਆਦਾ ਸੋਚਣ ਦੀ ਲੋੜ ਨਹੀਂ, ਕਿਉਂ ਇਹ ਹੀ ਸਭ ਕੁਝ ਨਹੀਂ। ਸਮਾਜ ਵਿੱਚ ਆਪਣਾ ਬਣਦਾ ਯੋਗਦਾਨ ਪਾ ਕੇ ਜ਼ਿੰਦਗੀ ਦੀ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ।

# ਪੁਰਾਤਨ ਵਸਤਾਂ ਸਾਂਭਣ ਦਾ ਸ਼ੌਕੀਨ 'ਤਸਵਿੰਦਰ ਸਿੰਘ ਬੜੈਚ'

ਜ਼ਿਲ੍ਹਾ ਲੁਧਿਆਣਾ ਦੀ ਸਮਰਾਲਾ ਤਹਿਸੀਲ ਦੇ ਪਿੰਡ ਦੀਵਾਲਾ ਵਿੱਚ ਪੁਰਾਤਨ ਵਸਤਾਂ ਦਾ ਅਣਮੋਲ ਖਜਾਨਾ ਸਾਂਭੀ ਬੈਠਾ ਹੈ ਤਸਵਿੰਦਰ ਸਿੰਘ ਬੜੈਚ। ਤਸਵਿੰਦਰ ਸਿੰਘ ਇੱਕ ਦਰਮਿਆਨੇ ਕਿਸਾਨ ਪਰਿਵਾਰ ਨਾਲ ਸਬੰਧ ਰੱਖਦਾ ਹੈ। ਖੇਤੀਬਾੜੀ ਦੇ ਧੰਦੇ ਨਾਲ ਜੁੜੇ ਇਸ ਸ਼ਖਸ ਨੇ ਆਪਣੇ ਘਰੇ ਇੱਕ ਮਿੰਨੀ ਮਿਊਜ਼ੀਅਮ ਬਣਾਇਆ ਹੋਇਆ ਹੈ। ਇਸ ਮਿੰਨੀ ਮਿਊਜ਼ੀਅਮ (ਜਿਸਨੂੰ ਲੋਕੀਂ ਦੂਰੋਂ ਨੇੜਿਓਂ ਦੇਖਣ ਆਉਂਦੇ ਹਨ) ਵਿੱਚ ਹੱਥ ਪੱਖੇ,ਪਿੱਛੂ,ਝੂਲਾ, ਰਕਾਬਾਂ, ਪਟਾਰੀ, ਧੌਂਕਣੀ, ਪਰਤਾਪਾ, ਗਾਂਧੀ ਚਰਖਾ, ਟਿੰਡਾਂ, ਕਨੇਰੀ, ਊਠ ਤੇ ਘੋੜੇ ਦੀ ਕਾਠੀ, ਤੱਕੜੀ, ਗੜਵਾ, ਟੋਕਰੀ, ਕੂੰਡੀ ਸੋਟਾ, ਮੱਟ, ਸਾਈਕਲ ਲਾਈਸੈਂਸ, ਰੇਡੀਓ ਲਾਈਸੈਂਸ, ਛਾਨਣੇ, ਵੇੜਾ ਵੱਟਣੀ ਕੁੰਡੀ, ਪਿੱਤਲ ਦੀ ਤਰਪਾਈ, ਗਡੀਰਾ, ਗੁੜ ਚੰਡਣੀ, ਖਰਖਰੇ, ਲੈਂਪ, ਕੁੰਡੀਆਂ, ਪੰਜੇ, ਪਤੀਲੇ, ਗੜਵੀਆਂ, ਪਰਾਤਾਂ, ਕੱਦੂਕਸ, ਬੋਹੀਏ, ਅਟੇਰਨੇ, ਸਰਾਣੇ, ਹੱਥ ਕਢਾਈ ਵਾਲੀਆਂ ਫੋਟੋਆਂ, ਬਲਦਾਂ ਦੀਆਂ ਟੱਲੀਆਂ, ਮਕਸੂਦ, ਝਾਂਜਰਾਂ, ਘੋਟਣੇ, ਮੂੜੇ, ਪਟਾਰੀਆਂ, ਭੜੋਲੀਆਂ, ਸੁਹਾਗੀ, ਕਰੋਸ਼ੀਏ, ਇੰਨੂਏ, ਛੱਜ, ਹਲ, ਖਰਲ, ਉਖਲੀ-ਮੋਹਲਾ, ਹਮਾਮ, ਸਾਗ ਚੀਰਨ ਵਾਲੀ ਦਾਤੀ, ਘੱਗਰਾ, ਫੁਲਕਾਰੀ, ਨਾਲੇ ਬੁਣਨ ਵਾਲਾ ਅੱਡਾ, ਖੇਸ, ਰੂੰ-ਵੇਲਣੇ, ਆਟਾ ਚੱਕੀ, ਪੁਰਾਣੀਆਂ ਡਾਕ ਟਿਕਟਾਂ, ਟਿਊਬਾਂ ਵਾਲੇ ਰੇਡੀਓ, ਖੂਹ ਦਾ ਡੋਲ, ਪੁਰਾਣੇ ਸੇਰ ਵਾਲੇ ਵੱਟੇ, ਊਠ ਦੇ ਪੈਰ ਵਾਲੀ ਨਿਊਲ, ਹੁੱਕੇ, ਪੁਰਾਣੇ ਰੋਪੜੀ ਨਿਊਲੇ ਜਿੰਦਰੇ, ਫੱਟੀਆਂ, ਦਵਾਤਾਂ, ਰੋਟੀ ਵਾਲੇ ਡੱਬੇ, ਛੰਨੇ, ਕਾਂਸੀ ਦੇ ਥਾਲ, ਕੇਤਲੀ, ਗਾਗਰ, ਕੰਗਣੀ ਵਾਲੇ ਗਿਲਾਸ, ਰੋਟੀ ਵਾਲਾ ਟਿਫਨ, ਲਾਲਟੈਣ, ਮਧਾਣੀ, ਚਰਖਾ, ਪੁਰਾਣਾ ਸੰਦੂਕ, ਪੁਰਾਤਨ ਸਿੱਕੇ ਡਬਲੀ ਪੈਸੇ, ਗਲੀ ਵਾਲੇ ਪੈਸੇ, ਆਨੇ, ਅੱਧੇ ਆਨੇ, ਚਾਂਦੀ ਦੇ ਸਿੱਕੇ, ਦਮੜੀਆਂ, ਟੋਕਨ, ਪੁਰਾਣੇ ਨੋਟ, ਮਹਾਰਾਜਾ ਰਜਿੰਦਰ ਸਿੰਘ ਪਟਿਆਲਾ ਦੇ ਸਿੱਕੇ, ਅਹਿਮਦ ਸਾਹ ਅਬਦਾਲੀ, ਸ਼ੇਰ ਸਾਹ ਸੂਰੀ, ਈਸਟ ਇੰਡੀਆ ਕੰਪਨੀ, ਅਕਬਰ ਦੇ ਸਿੱਕੇ, ਨਾਨਕ ਸਾਹੀ ਸਿੱਕੇ ਆਦਿ ਵਸਤਾਂ ਸਾਂਭੀਆਂ ਹੋਈਆਂ ਹਨ।

ਇਸ ਤੋਂ ਇਲਾਵਾ ਉਸ ਕੋਲ ਪੱਥਰ ਅਤੇ ਪਲਾਸਟਿਕ ਦੇ ਛੋਟੇ-ਵੱਡੇ ਤਿੰਨ ਸੌ ਦੇ ਲਗਭਗ ਤਵੇ (ਰਿਕਾਰਡ) ਵੀ ਮੌਜੂਦ ਹਨ। ਉਸਦੀ ਲਾਇਬਰੇਰੀ ਵਿੱਚ ਪੰਜਾਬ ਦੀ ਮਸ਼ਹੂਰ ਗਾਇਕਾ ਪ੍ਰਕਾਸ਼ ਕੌਰ, ਸੁਰਿੰਦਰ ਕੌਰ ਦੇ ਗੀਤ 'ਸੂਈ ਵੇ ਸੂਈ ਬਾਲਮਾਂ ਸੂਈ ਵੇ', 'ਕਰ ਛੱਤਰੀ ਦੀ ਛਾਂ-ਮੈਂ ਛਾਵੇਂ ਵਹਿੰਨੀ ਆ', 'ਚੀਰੇ ਵਾਲਿਆ', 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ'। ਸੀਤਲ ਸਿੰਘ ਦਾ 'ਜੱਟੀਏ ਟਰੱਕ ਤੇਰੇ ਯਾਰ ਦਾ।' ਨਰਿੰਦਰ ਬੀਬਾ ਦਾ 'ਮਾਝੇ ਦੀ ਮੈਂ ਜੱਟੀ।' ਹਰਚਰਨ ਸਿੰਘ ਗਰੇਵਾਲ ਦੇ 'ਮੇਰੀ ਵਾਰੀ ਆਈ ਪਤੀਲਾ ਖੜਕੇ', ਤੇਰੀ ਪੀਂਘ ਦਾ ਹੁਲਾਰਾ ਬਣ ਜਾਵਾਂ।' ਸਵਰਨ ਲਤਾ-ਕਰਮਜੀਤ ਧੂਰੀ ਦੇ 'ਸੱਥ ਵਿੱਚ ਲੱਗੀ ਵੇ ਕਚਹਿਰੀ', 'ਕਾਹਨੂੰ ਮਰਨੈ ਚੰਦਰਿਆ ਛਮਕਾਂ', 'ਭੌਂਕਦੇ ਨੇ ਕੁੱਤੇ।' ਨਵਾਬ ਕੁਮਾਰ ਦਾ 'ਜੁਗਨੀ'। ਹਰਨੇਕ ਸਿੰਘ ਨੇਕ ਦਾ 'ਚੋਰੀ ਆ ਜਾ ਕੰਧ ਟੱਪ ਕੇ', 'ਨਾਲਾ ਟੰਗ ਲੈ ਘੁੰਗਰੂਆਂ ਵਾਲਾ।' ਹਰਚਰਨ ਗਰੇਵਾਲ ਤੇ ਸੁਰਿੰਦਰ ਕੌਰ ਦਾ 'ਲੱਕ ਹਿੱਲੇ ਮਜਾਜਣ ਜਾਂਦੀ ਦਾ।' ਮੁਹੰਮਦ ਸਦੀਕ ਦਾ 'ਮੇਰੀ ਐਸੀ ਝਾਂਜਰ ਛਣਕੇ।' ਲਾਲ ਚੰਦ ਯਮਲਾ ਜੱਟ ਦਾ 'ਮੈਂ ਕੀ ਪਿਆਰ ਵਿੱਚੋਂ ਖੱਟਿਆ।' ਆਸਾ ਸਿੰਘ ਮਸਤਾਨਾ ਦਾ 'ਮੇਲੇ ਨੂੰ ਚੱਲ ਮੇਰੇ ਨਾਲ ਕੁੜੇ।' ਕਰਮਜੀਤ ਧੂਰੀ ਦਾ 'ਮਿੱਤਰਾਂ ਦੀ ਲੂਣ ਦੀ ਡਲੀ।' ਜਗਜੀਤ ਜੀਰਵੀ ਦਾ 'ਨੱਚਣ ਵਾਲੇ ਦੀ ਅੱਡੀ।' ਕੁਲਦੀਪ ਮਾਣਕ-ਸੀਮਾ ਦਾ 'ਛਿੱਕ ਚੰਦਰੇ ਜੇਠ ਨੇ ਮਾਰੀ।' ਦੀਦਾਰ ਸੰਧੂ ਤੇ ਅਮਰ ਨੂਰੀ ਦਾ 'ਫਾਟਕ ਕੋਟਕਪੂਰੇ ਦਾ।' ਪ੍ਰਕਾਸ਼ ਕੌਰ ਦਾ 'ਗੋਰੀ ਦੀਆਂ ਝਾਂਜਰਾਂ।' ਗੁਰਮੀਤ ਬਾਵਾ ਤੇ ਕ੍ਰਿਪਾਲ ਬਾਵਾ ਦਾ 'ਛੜਿਆਂ ਦੀ ਨਜ਼ਰ ਬੁਰੀ' ਆਦਿ ਦੇ ਰਿਕਾਰਡ ਉਸ ਕੋਲ ਮੌਜੂਦ ਹਨ। ਇਨ੍ਹਾਂ ਪੁਰਾਤਨ ਤਵਿਆ ਤੋਂ ਇਲਾਵਾ ਫਕੀਰ ਸਿੰਘ ਫਕੀਰ , ਜਗਮੋਹਣ ਕੌਰ-ਕੇ. ਦੀਪ., ਕਰਨੈਲ ਗਿੱਲ, ਮੁਹੰਮਦ ਰਫੀ, ਗੁਰਚਰਨ ਪੋਹਲੀ, ਪ੍ਰੇਮਿਲਾ ਪੰਮੀ, ਸੁਰਿੰਦਰ ਛਿੰਦਾ, ਜਸਵੀਰ ਖੁਸ਼ਦਿਲ, ਧੰਨਾ ਸਿੰਘ ਰੰਗੀਲਾ, ਜਸਦੇਵ ਯਮਲਾ, ਗੁਰਪਾਲ ਸਿੰਘ ਪਾਲ, ਏ. ਐਸ. ਕੰਗ, ਕੁਲਦੀਪ ਪਾਰਸ, ਜਸਵੰਤ ਸੰਦੀਲਾ, ਪਰਮਿੰਦਰ ਸੰਧੂ, ਬਾਵਾ- ਸੁਚੇਤ ਬਾਲਾ, ਅਮਰ ਚਮਕੀਲਾ- ਅਮਰਜੋਤ, ਸ਼ਾਂਤੀ ਦੇਵੀ, ਸਮਸ਼ਾਦ ਬੇਗਮ, ਚਾਂਦੀ ਰਾਮ ਆਦਿ ਦੇ ਰਿਕਾਰਡ ਵੀ ਉਸ ਕੋਲ ਮੌਜੂਦ ਹਨ। ਜਿਹੜੇ ਕਲਾਕਾਰ ਬਹੁਤੀ ਪ੍ਰਸਿੱਧੀ ਨਹੀਂ ਖੱਟ ਸਕੇ, ਉਨ੍ਹਾਂ ਕਲਾਕਾਰਾਂ ਦੇ ਰਿਕਾਰਡ ਵੀ ਤਸਵਿੰਦਰ ਸਿੰਘ ਕੋਲ ਮੌਜੂਦ ਹਨ। ਜਿਨ੍ਹਾਂ ਵਿੱਚ ਅਮਰ ਸਿੰਘ ਰਾਣਾ, ਮੰਜੂ, ਪਰਸਨ ਭੱਜੀ, ਪਰਮਜੀਤ ਪਾਲੀ, ਪਿਆਰਾ ਜਲਾਲਾਬਾਦੀ, ਨੇਕੀ ਕਾਤਿਲ, ਪਾਲਮ ਪਟੇਲ ਆਦਿ। ਪਾਕਿਸਤਾਨ ਦਾ ਆਲਮ ਲੁਹਾਰ, ਨੂਰ ਜਹਾਂ, ਰੇਸ਼ਮਾ, ਸ਼ੌਕਤ ਅਲੀ ਦੀਆਂ ਸੁਰੀਲੀਆਂ ਅਵਾਜਾਂ ਵੀ ਗੁਰਜੀਤ ਨੇ ਸਾਂਭ ਕੇ ਰੱਖੀਆਂ ਹੋਈਆਂ ਹਨ। ਧਾਰਮਿਕ ਰਿਕਾਰਡਿੰਗ ਵਿਚ ਸਾਕਾ ਸਰਹਿੰਦ ( ਨਰਿੰਦਰ ਬੀਬਾ), ਸਾਕਾ ਚਮਕੌਰ ਦੀ ਗੜ੍ਹੀ, ਸਾਕਾ ਤੱਤੀ ਤਵੀ (ਕਰਨੈਲ ਸਿੰਘ), ਬਾਬਾ ਦੀਪ ਸਿੰਘ ( ਗੁਰਚਰਨ ਗੋਹਲਵਾਲ), ਨਾਨਕ ਵੀਰਾ ਘੋੜੀ (ਰਣਜੀਤ ਕੌਰ), ਏਕ ਨੂਰ ਸੇ (ਜਸਵਿੰਦਰ ਯਮਲਾ), ਜਪੁਜੀ ਸਾਹਿਬ ਤੋਂ ਇਲਾਵਾ ਹੋਰ ਬਹੁਤ ਸਾਰੇ ਰਾਗੀਆਂ, ਢਾਡੀਆਂ, ਕਵੀਸ਼ਰਾਂ ਦੇ ਰਿਕਾਰਡ ਵੀ ਉਸ ਕੋਲ ਹਨ। ਤਸਵਿੰਦਰ ਸਿੰਘ ਕੋਲ ਇਕ ਮਸ਼ੀਨ ਮਰਫੀ ਕੰਪਨੀ 102 ਮਾਡਲ, ਤੇ ਇਕ ਸੋਹਨ ਬਖਸ਼ ਮਸ਼ੀਨ ਮੌਜੂਦ ਹਨ। ਇਹ ਸਾਰੀਆਂ ਮਸ਼ੀਨਾਂ ਚਾਬੀ ਨਾਲ ਚੱਲਦੀਆਂ ਹਨ। ਇਸ ਤੋਂ ਇਲਾਵਾ ਉਸ ਕੋਲ ਬਿਜਲੀ ਨਾਲ ਚੱਲਣ ਵਾਲੀ ਫਲਿਪਸ ਦੀ ਗ੍ਰਾਮੋਫੋਨ ਮਸ਼ੀਨ ਵੀ ਹੈ। ਇਨ੍ਹਾਂ ਦੇ ਤਵੇ ਦੀ ਘੁੰਮਣ ਦੀ ਸਪੀਡ 33.5, 45, 78 ਚੱਕਰ ਪ੍ਰਤੀ ਮਿੰਟ (ਆਰ. ਪੀ. ਐਸ.) ਹੈ। ਤਸਵਿੰਦਰ ਸਿੰਘ ਨੂੰ ਇਹ ਰਿਕਾਰਡ ਤੇ ਮਸ਼ੀਨਾਂ ਇਕੱਠੀਆਂ ਕਰਨ ਲਈ ਸਾਰਾ ਪੰਜਾਬ, ਦਿੱਲੀ, ਕਲਕੱਤਾ, ਰਾਜਸਥਾਨ ਅਤੇ ਚੰਡੀਗੜ੍ਹ ਆਦਿ ਥਾਵਾਂ ਤੱਕ ਘੁੰਮਣਾ ਪਿਆ। ਉਸ ਨੇ ਦੱਸਿਆ ਕਿ ਉਹ 15-20 ਸਾਲਾਂ ਤੋਂ ਇਹ ਚੀਜ਼ਾਂ ਇਕੱਠੀਆਂ ਕਰ ਰਿਹਾ ਹੈ। ਉਸ ਨੇ ਕਈ ਚੀਜ਼ਾਂ ਕਾਫੀ ਪੈਸੇ ਖਰਚ ਕੇ ਪ੍ਰਾਪਤ ਕੀਤੀਆਂ ਹਨ। ਇਹ ਸਾਰੀਆਂ ਪੁਰਾਤਨ ਚੀਜਾਂ ਇਕੱਠੀਆਂ ਕਰਨ ਵਿੱਚ ਉਸ ਦੇ ਪਿਤਾ ਸ. ਮੇਵਾ ਸਿੰਘ , ਜੀਵਨ ਸਾਥਣ ਹਰਜਿੰਦਰ ਕੌਰ ਅਤੇ ਦੋਸਤ-ਮਿੱਤਰ,ਰਿਸਤੇਦਾਰ ਉਸਦਾ ਪੂਰਾ ਸਾਥ ਦੇ ਰਹੇ ਹਨ। ਤਸਵਿੰਦਰ ਸਿੰਘ ਬੜੈਚ ਇਨ੍ਹਾਂ ਵਿਰਾਸਤੀ ਵਸਤਾਂ ਦੀ ਸਕੂਲਾਂ, ਕਾਲਜਾਂ ਅਤੇ ਸਭਿਆਚਾਰਕ ਮੇਲਿਆਂ 'ਤੇ ਫ੍ਰੀ ਪ੍ਰਦਰਸ਼ਨੀ ਵੀ ਲਗਾਉਂਦਾ ਹੈ। ਵਿਗਿਆਨਕ ਯੁੱਗ ਵਿੱਚ ਪੰਜਾਬੀ ਵਿਰਸੇ ਤੇ ਸਭਿਆਚਾਰ ਨੂੰ ਵੱਡਾ ਖੋਰਾ ਲੱਗਿਆ ਹੈ, ਪਰ ਹਾਲੇ ਵੀ ਤਸਵਿੰਦਰ ਸਿੰਘ ਵਰਗੇ ਵਿਅਕਤੀ ਪੰਜਾਬੀ ਲੋਕਧਾਰਾ ਤੇ ਸਭਿਆਚਾਰ ਨੂੰ ਸਾਂਭਣ ਲਈ ਕਿਸੇ ਸੰਸਥਾ ਤੋਂ ਵੱਧ ਕੰਮ ਕਰ ਰਹੇ ਹਨ। ਜਿਨ੍ਹਾਂ ਦੇ ਕੰਮ ਦੀ ਸ਼ਲਾਘਾ ਕਰਨੀ ਬਣਦੀ ਹੈ। ਸਭਿਆਚਾਰਕ ਕਲੱਬਾਂ ਅਤੇ ਸਰਕਾਰਾਂ ਨੂੰ ਤਸਵਿੰਦਰ ਸਿੰਘ ਵਰਗੇ ਵਿਅਕਤੀਆਂ ਨੂੰ ਵਿਰਾਸਤੀ ਮੇਲਿਆਂ ਉਪਰ ਬਣਦਾ ਮਾਣ-ਸਤਿਕਾਰ ਦੇਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਸ ਵੱਲੋਂ ਸੰਭਾਲੇ ਪੁਰਾਤਨ ਸੰਗੀਤ ਦੇ ਅਨਮੋਲ ਖਜਾਨੇ ਦੇ ਦਰਸ਼ਨ ਕਰਦੇ ਰਹਿਣ।



ਚਮਕੌਰ ਸਿੰਘ ਘਣਗਸ
ਸਮਰਾਲਾ
ਮੋਬਾ-98141-32228

## ਪੰਜਾਬ ਮੰਤਰੀ ਮੰਡਲ ਦੇ ਫੈਸਲੇ

# 550ਵੇਂ ਪ੍ਰਕਾਸ਼ ਪੁਰਬ ਵੇਲੇ ਪੰਜਾਬ ਅਸੈਂਬਲੀ ਦਾ ਵਿਸ਼ੇਸ਼ ਸੈਸ਼ਨ ਹੋਵੇਗਾ

ਸੁਲਤਾਨਪੁਰ ਲੋਧੀ, 11 ਸਤੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਵਕਤ ਹੋਣ ਵਾਲੇ ਪ੍ਰੋਗਰਾਮਾਂ ਦੀ ਰੂਪ-ਰੇਖਾ ਉਲੀਕਣ ਲਈ ਪੰਜਾਬ ਮੰਤਰੀ ਮੰਡਲ ਦੀ ਖਾਸ ਮੀਟਿੰਗ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸੁਲਤਾਨਪੁਰ ਲੋਧੀ ਵਿਖੇ ਹੋਈ ਤਾਂ ਕਈ ਫੈਸਲੇ ਕੀਤੇ ਗਏ।



ਸੁਲਤਾਨਪੁਰ ਲੋਧੀ ਵਿਖੇ ਹੋਏ ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਵੀਜ਼ਾ ਮੁਕਤ ਲਾਂਘੇ ਦਾ ਕੇਸ ਉਹ ਕੇਂਦਰੀ ਵਿਦੇਸ਼ ਮੰਤਰੀ ਕੋਲ ਉਠਾਉਣਗੇ। ਇਸ ਦੇ ਨਾਲ ਮੰਤਰੀ ਮੰਡਲ ਮੀਟਿੰਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਬਾਰੇ ਅਗਲੇ ਮਹੀਨੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਣ ਦਾ ਮਤਾ ਪਾਸ ਕੀਤਾ ਗਿਆ ਹੈ। ਇਸ ਮਤੇ ਵਿੱਚ ਸਰਕਾਰ ਨੇ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਨੂੰ ਸੰਬੋਧਨ ਕਰਨ ਲਈ ਭਾਰਤ ਦੇ ਰਾਸ਼ਟਰਪਤੀ ਅਤੇ ਹੋਰ ਵੱਖ-ਵੱਖ ਸਿੱਖ ਸ਼ਖਸੀਅਤਾਂ ਨੂੰ ਬੁਲਾਉਣ ਦਾ ਫੈਸਲਾ ਕੀਤਾ ਤੇ ਇੱਕ ਹੋਰ ਮਤੇ ਵਿੱਚ ਇਸ ਇਤਿਹਾਸਕ ਮੌਕੇ ਪਾਰਲੀਮੈਂਟ ਦਾ ਵਿਸ਼ੇਸ਼ ਸਾਂਝਾ ਇਜਲਾਸ ਸੱਦਣ ਲਈ ਭਾਰਤ ਸਰਕਾਰ ਨੂੰ ਸਿਫਾਰਸ਼ ਕਰਨ ਦਾ ਵੀ ਫੈਸਲਾ ਲਿਆ ਹੈ। ਮਤੇ ਦੇ ਮੁਤਾਬਕ ਇਸ ਪਾਰਲੀਮੈਂਟ ਸੈਸ਼ਨ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਸੰਬੋਧਨ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਵਿੱਚ ਨਾਮਵਰ ਸਿੱਖ ਸ਼ਖਸੀਅਤਾਂ ਨੂੰ ਸੱਦਾ ਦਿੱਤਾ ਜਾਵੇ।

ਮੁੱਖ ਮੰਤਰੀ ਨੇ ਇਤਿਹਾਸਕ ਨਗਰ ਸੁਲਤਾਨਪੁਰ ਲੋਧੀ ਵਿੱਚ ਬੁਨਿਆਦੀ ਢਾਂਚੇ ਅਤੇ ਹੋਰ ਵਿਕਾਸ ਪ੍ਰੋਜੈਕਟਾਂ ਦੇ ਕੰਮਾਂ ਦੀ ਪ੍ਰਗਤੀ ਵੇਖਣ ਲੈਣ ਲਈ 10 ਅਕਤੂਬਰ ਨੂੰ ਮੰਤਰੀ ਮੰਡਲ ਦੀ ਅਗਲੀ ਮੀਟਿੰਗ ਫਿਰ ਸੁਲਤਾਨਪੁਰ ਲੋਧੀ ਵਿੱਚ ਕਰਨ ਦਾ ਫੈਸਲਾ ਲਿਆ ਹੈ। ਕੋਆਪਰੇਟਿਵ ਵਿਭਾਗ ਦੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਨਿੱਜੀ ਬੇਨਤੀ ਉਤੇ ਮੁੱਖ ਮੰਤਰੀ ਨੇ ਤੀਹ ਸਤੰਬਰ ਨੂੰ ਪਹਿਲਾਂ ਡੇਰਾ ਬਾਬਾ ਨਾਨਕ ਵਿਖੇ ਵਿਸ਼ੇਸ਼ ਮੀਟਿੰਗ ਦੀ ਵੀ ਸਹਿਮਤੀ ਦਿੱਤੀ ਹੈ ਤਾਂ ਕਿ ਉਸ ਇਲਾਕੇ ਵਿੱਚ ਚੱਲਦੇ ਵਿਕਾਸ ਪ੍ਰੋਜੈਕਟਾਂ ਦਾ ਜਾਇਜ਼ਾ ਲਿਆ ਜਾ ਸਕੇ।

ਕੱਲ੍ਹ ਹੋਈ ਮੀਟਿੰਗ ਦੌਰਾਨ ਸੁਲਤਾਨਪੁਰ ਲੋਧੀ-ਕਪੂਰਥਲਾ-ਕਰਤਾਰਪੁਰ-ਬਿਆਸ-ਬਟਾਲਾ (ਬਟਾਲਾ ਬਾਈਪਾਸ ਸਮੇਤ)-ਡੇਰਾ ਬਾਬਾ ਨਾਨਕ ਮਾਰਗ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਾਰਗ ਐਲਾਨਣ ਲਈ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਅਤੇ 96.15 ਕਰੋੜ ਰੁਪਏ ਦੀ ਲਾਗਤ ਨਾਲ 136.14 ਕਿਲੋਮੀਟਰ ਲੰਮੇ ਰੋਡ ਨੂੰ ਅਪਗ੍ਰੇਡ ਕਰਨ ਅਤੇ 10 ਮੀਟਰ ਤੱਕ ਚੌੜਾ ਕਰਨ ਦਾ ਫੈਸਲਾ ਵੀ ਕੀਤਾ ਹੈ। ਸੁਲਤਾਨਪੁਰ ਲੋਧੀ ਦੇ ਵਿਧਾਇਕ ਨਵਤੇਜ ਸਿੰਘ ਚੀਮਾ ਦੀ ਅਪੀਲ ਪ੍ਰਵਾਨ ਕਰਦੇ ਹੋਏ ਮੰਤਰੀ ਮੰਡਲ ਨੇ ਸਥਾਨਕ ਸਿਵਲ ਹਸਪਤਾਲ ਨੂੰ ਸੁਪਰ ਸਪੈਸ਼ਲਿਟੀ ਸੰਸਥਾ ਵਜੋਂ ਅਪਗ੍ਰੇਡ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਦੇ ਨਾਲ ਗੁਰਦੁਆਰਾ ਸੰਤ ਘਾਟ ਤੋਂ ਕਪੂਰਥਲਾ-ਸੁਲਤਾਨਪੁਰ ਲੋਧੀ ਰੋਡ ਨਾਲ ਸੰਪਰਕ ਲਈ ਇੱਕ ਕਿਲੋਮੀਟਰ ਨਵਾਂ ਰੋਡ ਲਈ ਵੀ 1.24 ਕਰੋੜ ਰੁਪਏ ਨੂੰ ਪ੍ਰਵਾਨਗੀ ਦਿੱਤੀ ਹੈ। ਮੁੱਖ ਮੰਤਰੀ ਨੇ ਪਾਵਰਕਾਮ ਦੇ ਚੇਅਰਮੈਨ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਦੇ ਸੈਕਟਰੀ ਨੂੰ ਪ੍ਰਕਾਸ਼ ਪੁਰਬ ਮੌਕੇ ਲੰਗਰ ਵਾਸਤੇ ਬਿਜਲੀ ਤੇ ਪਾਣੀ ਦੀ ਵਸੂਲੀ ਤੋਂ ਛੋਟ ਦੇਣ ਦੇ ਢੰਗ ਤਲਾਸ਼ਣ ਦੇ ਹੁਕਮ ਦਿੱਤੇ ਹਨ।

ਇਸ ਮੌਕੇ ਸਭਿਆਚਾਰਕ ਮਾਮਲਿਆਂ ਤੇ ਸੈਰ ਸਪਾਟਾ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਦੇ ਦੱਸਿਆ ਕਿ ਪਵਿੱਤਰ ਨਗਰੀ ਵਿੱਚ ਤਿੰਨ ਵੱਖ ਵੱਖ ਥਾਵਾਂ ਗੁਰਦੁਆਰਾ ਬੇਰ ਸਾਹਿਬ ਨੇੜੇ, ਲੋਹੀਆਂ ਰੋਡ ਅਤੇ ਸੁਲਤਾਨ-ਪੁਰ ਲੋਧੀ-ਕਪੂਰਥਲਾ ਰੋਡ ਉੱਤੇ ਪ੍ਰਕਾਸ਼ ਉਤਸਵ ਲਈ ਆਈਆਂ ਸੰਗਤਾਂ ਦੇ ਰਹਿਣ ਵਾਸਤੇ ਟੈਂਟ ਸਿਟੀ ਬਣਾਈ ਜਾ ਰਹੀ ਹੈ। ਇਹ ਟੈਂਟ ਸਿਟੀ 277 ਏਕੜ ਵਿੱਚ ਬਣਾਈ ਜਾਣੀ ਹੈ, ਜਿੱਥੇ ਤੀਹ ਹਜ਼ਾਰ ਲੋਕਾਂ ਅਤੇ 5000 ਮੁਲਾਜ਼ਮਾਂ ਦੇ ਰਹਿਣ ਦੀ ਸਮਰੱਥਾ ਹੋਵੇਗੀ।

# ਵਿਧਾਇਕ ਸਿਮਰਜੀਤ ਬੈਂਸ ਨੇ ਸਪੀਕਰ ਨੂੰ ਵਿਸ਼ੇਸ਼ ਅਧਿਕਾਰਾਂ ਦੇ ਉਲੰਘਣ ਦੀ ਸ਼ਿਕਾਇਤ ਸੌਂਪੀ

ਚੰਡੀਗੜ੍ਹ, 11 ਸਤੰਬਰ (ਪੋਸਟ ਬਿਊਰੋ)- ਗੁਰਦਾਸਪੁਰ ਦੇ ਘਟਨਾਕਰਮ ਬਾਰੇ ਕੱਲ੍ਹ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਾਲ ਮੁਲਾਕਾਤ ਕਰ ਕੇ ਡਿਪਟੀ ਕਮਿਸ਼ਨਰ ਦੇ ਖਿਲਾਫ ਵਿਸ਼ੇਸ਼ ਅਧਿਕਾਰਾਂ ਦੇ ਉਲੰਘਣ ਦੀ ਸ਼ਿਕਾਇਤ ਦਿੱਤੀ ਹੈ। ਉਨ੍ਹਾਂ ਸਪੀਕਰ ਤੋਂ ਮੰਗ ਕੀਤੀ ਹੈ ਕਿ ਜਨ ਪ੍ਰਤੀਨਿਧੀ ਤੇ ਦੁਰਘਟਨਾ ਪੀੜਤ ਪਰਵਾਰ ਦੇ ਮੈਂਬਰਾਂ ਨਾਲ ਅਪਮਾਨ ਜਨਕ ਵਤੀਰਾ ਕਰਨ ਵਾਲੇ ਅਫਸਰ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਬੈਂਸ ਨੇ ਸਪੀਕਰ ਰਾਣਾ ਕੰਵਰਪਾਲ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਸਪੀਕਰ ਨੇ ਉਨ੍ਹਾਂ ਕੋਲੋਂ ਕੁਝ ਹੋਰ ਸਬੰਧਤ ਦਸਤਾਵੇਜ਼ਾਂ ਦੀ ਮੰਗ ਕੀਤੀ ਹੈ ਅਤੇ ਵਾਅਦਾ ਕੀਤਾ ਹੈ ਕਿ ਉਕਤ ਮਾਮਲੇ ਨੂੰ ਵਿਸ਼ੇਸ਼ ਅਧਿਕਾਰ ਕਮੇਟੀ ਦੇ ਸਾਹਮਣੇ ਭੇਜਿਆ ਜਾਵੇਗਾ।

ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਮੁਕੱਦਮੇ ਦਰਜ ਹੁੰਦੇ ਸਾਰ ਉਨ੍ਹਾਂ ਦੱਸ ਦਿੱਤਾ ਸੀ ਕਿ ਇਹ ਕੇਸ ਅਫਸਰਾਂ ਨੇ ਨਹੀਂ ਦਰਜ ਕਰਾਇਆ, ਕੈਪਟਨ ਅਮਰਿੰਦਰ ਸਿੰਘ ਨੇ ਰਾਜਨੀਤਕ ਰੰਜਿਸ਼ ਕਾਰਨ ਦਰਜ ਕਰਾਇਆ ਗਿਆ ਹੈ, ਜਿਸ ਨੂੰ ਮੰਨ ਕੇ ਕੈਪਟਨ ਅਮਰਿੰਦਰ ਸਿੰਘ ਨੇ ਮੇਰੀ ਗੱਲ ਨੂੰ ਸੱਚ ਸਾਬਤ ਕੀਤਾ ਹੈ। ਬੈਂਸ ਨੇ ਕਿਹਾ ਕਿ ਮੈਨੂੰ ਕੈਪਟਨ ਦੀ ਚੁਣੌਤੀ ਕਬੂਲ ਹੈ ਤੇ ਮੈਂ ਇਸ ਤੋਂ ਡਰਨ ਵਾਲਾ ਨਹੀਂ। ਲੁਧਿਆਣਾ ਸਿਟੀ ਸੈਂਟਰ ਘੋਟਾਲੇ ਵਿੱਚ ਕਿਉਂਕਿ ਮੈਂ ਕੋਰਟ ਵਿੱਚ ਅਰਜ਼ੀ ਦਿੱਤੀ ਹੋਈ ਹੈ ਅਤੇ ਕੋਸ਼ਿਸ਼ ਕਰ ਰਿਹਾ ਹਾਂ ਕਿ ਘੋਟਾਲੇ 'ਚ ਸ਼ਾਮਲ ਕੈਪਟਨ ਅਮਰਿੰਦਰ ਸਿੰਘ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇ, ਇਸ ਲਈ ਇਹ ਕੇਸ ਮੇਰੇ ਉੱਤੇ ਦਰਜ ਕਰਾਇਆ ਗਿਆ ਹੈ। ਮੇਰਾ ਕੇਸ ਸਿਰਫ ਤੂੰ-ਤੜਾਕ ਦਾ ਸੀ, ਜਿਸ ਨੂੰ ਦੰਗੇ ਫਸਾਦ ਵਜੋਂ ਦਰਜ ਕੀਤਾ ਗਿਆ ਹੈ, ਪਰ ਹਾਕਮ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ ਵੱਲੋਂ ਅਧਿਕਾਰੀਆਂ ਨੂੰ ਧਮਕਾਉਣ ਦੇ ਮਾਮਲਿਆਂ ਨੂੰ ਰਫਾ ਦਫਾ ਕਰ ਦਿੱਤਾ ਗਿਆ ਹੈ।

## ਜ਼ਮੀਨ ਐਕੁਆਇਰ ਮਾਮਲਾ:

# ਡੀ ਸੀ ਦੇ ਹੁਕਮਾਂ ਪਿੱਛੋਂ ਬਰਖਾਸਤ ਕਾਨੂੰਨਗੋ ਖਿਲਾਫ ਕੇਸ ਦਰਜ ਹੋਇਆ ਹੀ ਨਹੀਂ

ਫਿਰੋਜ਼ਪੁਰ, 11 ਸਤੰਬਰ (ਪੋਸਟ ਬਿਊਰੋ)- ਸਰਹੱਦੀ ਪਿੰਡ ਪੱਲ੍ਹਾ ਮੇਘਾ ਵਿੱਚ ਬੀ ਐਸ ਐਫ ਵੱਲੋਂ ਐਕੁਆਇਰ ਕੀਤੀ ਗਈ 46 ਕਨਾਲ ਜ਼ਮੀਨ ਦਾ ਇਕ ਕਰੋੜ ਗਿਆਰਾਂ ਲੱਖ ਅੱਠ ਹਜ਼ਾਰ ਦੋ ਸੌ ਛੱਤੀ ਰੁਪਏ ਦੀ ਮੁਆਵਜ਼ਾ ਰਕਮ ਆਪਣੇ ਸਾਲੇ ਅਤੇ ਇਕ ਹੋਰ ਵਿਅਕਤੀ ਨੂੰ ਦਿਵਾਉਣ ਦੇ ਮਾਮਲੇ ਵਿੱਚ ਬਰਖਾਸਤ ਹੋਇਆ ਕਾਨੂੰਨਗੋ ਬਲਕਾਰ ਸਿੰਘ ਅਜੇ ਵੀ ਬੇਖੌਫ ਘੁੰਮ ਰਿਹਾ ਹੈ। ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ 28 ਸਤੰਬਰ ਨੂੰ ਐਸ ਐਸ ਪੀ ਨੂੰ ਪੱਤਰ ਲਿਖ ਕੇ ਬਲਕਾਰ ਸਿੰਘ, ਉਸ ਦੇ ਸਾਲੇ ਬਿੱਲੂ ਸਿੰਘ ਅਤੇ ਇਕ ਅੰਮ੍ਰਿਤਬੀਰ ਸਿੰਘ ਦੇ ਖਿਲਾਫ ਮੁਕੱਦਮਾ ਦਰਜ ਕਰਨ ਦੀ ਸਿਫਾਰਸ਼ ਕੀਤੀ ਸੀ, ਪਰ ਅਜੇ ਤੱਕ ਮੁਕੱਦਮਾ ਦਰਜ ਨਹੀਂ ਹੋਇਆ।

ਇਸ ਕੇਸ ਦੀ ਪੈਰਵੀ ਕਰ ਰਹੇ ਬੀ ਐਸ ਐਫ ਦੀ 136 ਬਟਾਲੀਅਨ ਦੇ ਕਮਾਂਡੈਂਟ ਨੇ ਐਸ ਐਸ ਪੀ ਨੂੰ ਪੱਤਰ ਲਿਖ ਕੇ ਕੇਸ ਦਰਜ ਕਰਨ ਅਤੇ ਕਾਪੀ ਜਾਰੀ ਕਰਨ ਦੀ ਅਪੀਲ ਕੀਤੀ ਹੈ। ਇਹ ਕੇਸ ਇਸ ਕਰਕੇ ਵੀ ਚਰਚਾ ਵਿੱਚ ਹੈ, ਕਿ ਐਡੀਸ਼ਨਲ ਡਿਪਟੀ ਕਮਿਸ਼ਨਰ ਨੇ ਆਪਣੀ ਪੜਤਾਲ ਵਿੱਚ ਇਕ ਦਰਜਨ ਤੋਂ ਵੱਧ ਲੋਕਾਂ ਨੂੰ ਦੋਸ਼ੀ ਦੱਸਿਆ ਹੈ, ਜਦੋਂ ਕਿ ਡੀ ਸੀ ਵੱਲੋਂ ਭੇਜੇ ਪੱਤਰ ਵਿੱਚ ਸਿਰਫ ਤਿੰਨ ਜਣਿਆਂ ਖਿਲਾਫ ਕਾਨੂੰਨੀ ਕਾਰਵਾਈ ਲਈ ਲਿਖਿਆ ਗਿਆ ਹੈ। ਜ਼ਿਲਾ ਅਟਾਰਨੀ ਆਦਰਸ਼ ਮਹਾਜਨ ਵੱਲੋਂ ਪੇਸ਼ ਕੀਤੀ ਰਿਪੋਰਟ ਵਿੱਚ ਬਾਕੀ ਲੋਕਾ ਨੂੰ ਵੀ ਦੋਸ਼ੀ ਮੰਨਿਆ ਜਾ ਰਿਹਾ ਹੈ, ਪਰ ਸਿੱਧੇ ਤੌਰ 'ਤੇ ਕੇਸ ਦਰਜ ਕਰਨ ਬਾਰੇ ਨਹੀਂ ਲਿਖਿਆ ਗਿਆ। ਡੀ ਸੀ ਨੇ ਜ਼ਿਲਾ ਅਟਾਰਨੀ ਦੀ ਭੇਜੀ ਸਿਫਾਰਸ਼ 'ਤੇ ਬਿਨਾਂ ਕੋਈ ਇਤਰਾਜ਼ ਲਾਇਆਂ ਉਸ ਨੂੰ ਅਗਲੀ ਕਾਰਵਾਈ ਲਈ ਐਸ ਐਸ ਪੀ ਕੋਲ ਭੇਜ ਦਿੱਤਾ। ਖੁਰਦ ਬੁਰਦ ਕੀਤੀ ਰਕਮ ਦੇਸ਼ ਦੇ ਗ੍ਰਹਿ ਮੰਤਰਾਲੇ ਵੱਲੋਂ ਭੇਜੀ ਗਈ ਸੀ। ਏ ਡੀ ਸੀ ਨੇ ਇਸ ਰਕਮ ਦੀ ਵਸੂਲੀ ਵਿਆਜ ਸਣੇ ਕਰਨ ਬਾਰੇ ਵੀ ਲਿਖਿਆ ਹੈ। ਬੀ ਐਸ ਐਫ ਦੇ ਉਚ ਅਧਿਕਾਰੀ ਇਸ ਮਾਮਲੇ ਦੀ ਜਾਂਚ ਕਿਸੇ ਕੇਂਦਰੀ ਜਾਂਚ ਏਜੰਸੀ ਤੋਂ ਕਰਾਉਣ ਦੀ ਮੰਗ ਕਰ ਰਹੇ ਹਨ। ਅਧਿਕਾਰੀ ਫਿਰੋਜ਼ਪਰ ਪੁਲਸ ਵੱਲੋਂ ਮੁਲਜ਼ਮਾਂ ਖਿਲਾਫ ਕੇਸ ਦਰਜ ਨਾ ਕਰਨ ਤੋਂ ਹੈਰਾਨ ਹਨ।

# ਪੰਚਾਇਤੀ ਜ਼ਮੀਨ ਵਾਸਤੇ ਚੱਲੀ ਗੋਲੀ ਵਿੱਚ ਇਕ ਦੀ ਮੌਤ



ਫਿਰੋਜ਼ਪੁਰ, 11 ਸਤੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਕਮਾਲਾ ਬੋਦਲਾ ਵਿਖੇ ਪੰਚਾਇਤੀ ਜ਼ਮੀਨ ਵਾਸਤੇ ਹੋਈ ਲੜਾਈ ਵਿੱਚ ਚੱਲੀ ਗੋਲੀ ਨਾਲ ਨਿਸ਼ਾਨ ਸਿੰਘ ਨਾਂ ਦੇ ਵਿਅਕਤੀ ਦੀ ਮੌਤ ਹੋ ਗਈ। ਪੁਲਸ ਵੱਲੋਂ ਇਸ ਬਾਰੇ ਵਿਰੋਧੀ ਧਿਰ ਦੇ ਸੱਤ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਕਮਾਲਾ ਬੋਦਲਾ ਵਿਖੇ ਬੀਤੇ ਦਿਨੀਂ ਪੰਚਾਇਤੀ ਜ਼ਮੀਨ ਬਾਰੇ ਹੋਈ ਲੜਾਈ ਵਿੱਚ ਨਿਸ਼ਾਨ ਸਿੰਘ ਦੀ ਬਾਂਹ 'ਤੇ ਗੋਲੀ ਲੱਗੀ। ਨਾਜ਼ੁਕ ਹਾਲਤ ਵਿੱਚ ਉਸ ਨੂੰ ਡੀ ਐਮ ਸੀ ਹਸਪਤਾਲ ਲੁਧਿਆਣਾ ਵਿਖੇ ਦਾਖਲ ਕਰਵਾਇਆ ਸੀ, ਜਿਥੇ ਕੱਲ੍ਹ ਉਸ ਦੀ ਮੌਤ ਹੋ ਗਈ। ਇਸ ਬਾਰੇ ਜ਼ਿਲਾ ਪੁਲਸ ਵੱਲੋਂ ਦਰਜ ਕੇਸ ਵਿੱਚ ਨਿਸ਼ਾਨ ਸਿੰਘ ਦੀ ਬਾਂਹ 'ਚ ਵੱਜੀ ਗੋਲੀ ਜਸਪਾਲ ਸਿੰਘ ਦੇ ਪਿਸਤੌਲ 'ਚੋਂ ਚੱਲੀ ਦੱਸੀ ਜਾ ਰਹੀ ਹੈ, ਜਦ ਕਿ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਨਿਸ਼ਾਨ ਸਿੰਘ ਦੀ ਬਾਂਹ 'ਤੇ ਵੱਜੀ ਗੋਲੀ ਉਸ ਦੇ ਆਪਣੇ ਲੜਕੇ ਦੀ ਬੰਦੂਕ ਵਿੱਚੋਂ ਚੱਲੀ ਸੀ। ਐਸ ਆਈ ਜਗਦੀਪ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਜ਼ਖਮੀ ਹਾਲਤ ਵਿੱਚ ਨਿਸ਼ਾਨ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕੀਤਾ ਹੈ, ਬਾਕੀ ਜੋ ਵੀ ਹਕੀਕਤ ਹੈ, ਉਹ ਇਸ ਦੀ ਜਾਂਚ ਵਿੱਚ ਸਾਹਮਣੇ ਆਏਗੀ। ਨਿਸ਼ਾਨ ਸਿੰਘ ਪੁੱਤਰ ਚੰਨਣ ਸਿੰਘ ਨੇ ਥਾਣਾ ਆਰਿਫਕੇ ਨੂੰ ਦੱਸਿਆ ਕਿ ਪੰਚਾਇਤੀ ਜ਼ਮੀਨ ਬਾਰੇ ਉਸ ਦਾ ਪਿੰਡ ਦੇ ਕੁਝ ਲੋਕਾਂ ਨਾਲ ਝਗੜਾ ਚੱਲ ਰਿਹਾ ਸੀ। ਬੀਤੇ ਦਿਨ ਉਹ ਕੰਮ ਤੋਂ ਘਰ ਜਾ ਰਿਹਾ ਸੀ ਤਾਂ ਇਸੇ ਦੌਰਾਨ ਉਕਤ ਲੋਕਾਂ ਨੇ ਉਸ ਨੂੰ ਘੇਰ ਕੇ ਕੁੱਟਮਾਰ ਕੀਤੀ ਤੇ ਮੁਲਜ਼ਮ ਜਸਪਾਲ ਸਿੰਘ ਨੇ ਮਾਰ ਦੇਣ ਦੀ ਨੀਤ ਨਾਲ ਆਪਣੀ ਪਿਸਤੌਲ 'ਚੋਂ ਗੋਲੀ ਚਲਾਈ, ਜੋ ਮੁੱਦਈ ਦੀ ਬਾਂਹ 'ਤੇ ਲੱਗੀ ਅਤੇ ਉਹ ਜ਼ਖਮੀ ਹੋ ਗਿਆ।

# ਵਿਜੀਲੈਂਸ ਨੇ ਮੰਡੀ ਬੋਰਡ ਦੇ ਸਾਬਕਾ ਚੀਫ ਇੰਜੀਨੀਅਰ ਦੀ 26 ਕਰੋੜ ਦੀ ਜਾਇਦਾਦ ਜ਼ਬਤ ਕੀਤੀ

ਚੰਡੀਗੜ੍ਹ, 11 ਸਤੰਬਰ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਰਿਸ਼ਵਤ ਲੈਣ ਵਾਲਿਆਂ 'ਤੇ ਸ਼ਿਕੰਜਾ ਕੱਸਣ ਦੇ ਨਾਲ ਉਨ੍ਹਾਂ ਦੀ ਪ੍ਰਾਪਰਟੀ ਨੂੰ ਅਟੈਚ ਕਰਨਾ ਸ਼ੁਰੂ ਕਰ ਦਿੱਤਾ ਹੈ।



ਮੋਹਾਲੀ ਦੀ ਅਦਾਲਤ ਦੇ ਹੁਕਮਾਂ ਉੱਤੇ ਵਿਜੀਲੈਂਸ ਬਿਊਰੋ ਨੇ ਮੰਡੀ ਬੋਰਡ ਅਤੇ ਗਰੇਟਰ ਮੋਹਾਲੀ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੇ ਸਾਬਕਾ ਚੀਫ ਇੰਜੀਨੀਅਰ ਦੀ 26 ਕਰੋੜ ਰੁਪਏ ਦੀ ਕੀਮਤ ਦੀਆਂ 59 ਜਾਇਦਾਦਾਂ ਜ਼ਬਤ ਕਰ ਲਈਆਂ ਹਨ। ਏ ਡੀ ਜੀ ਪੀ ਕਮ ਚੀਫ ਡਾਇਰੈਕਟਰ ਵਿਜੀਲੈਂਸ ਬਿਊਰੋ ਬੀ ਕੇ ਉਪਲ ਨੇ ਕਿਹਾ ਕਿ ਬਿਊਰੋ ਵੱਲੋਂ ਕੀਤੀ ਜਾਂਚ ਵਿੱਚ ਸਾਹਮਣੇ ਆਇਆ ਕਿ ਸੁਰਿੰਦਰ ਸਿੰਘ ਨੇ ਆਪਣੀ ਪਤਨੀ ਮਨਜੀਤ ਕੌਰ ਤੇ ਮਾਤਾ ਸਵਰਨਜੀਤ ਕੌਰ ਦੇ ਨਾਂਅ ਉੱਤੇ ਮੈਸਰਜ਼ ਅਕਸੈੱਸ ਐਗਰੋ ਸੀਡਸ ਪ੍ਰਾਈਵੇਟ ਲਿਮਟਿਡ, ਮੈਸਰਜ਼ ਐਵਾਰਡ ਐਗਰੋ ਸੀਡਸ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਅਸਟਰ ਐਗਰੋ ਟ੍ਰੇਡਰਜ਼ ਕੰਪਨੀਆਂ ਬਣਾ ਲਈਆਂ ਸਨ। ਇਨ੍ਹਾਂ ਕੰਪਨੀਆਂ ਦੇ ਨਾਂਅ ਉਤੇ ਬੈਂਕ ਨਾਲ ਚਾਰ ਅਰਬ 19 ਕਰੋੜ 44 ਲੱਖ 37 ਹਜ਼ਾਰ 161 ਰੁਪਏ ਦਾ ਲੈਣ ਦੇਣ ਕੀਤਾ ਗਿਆ ਸੀ। ਇਹ ਫਰਜ਼ੀ ਕੰਪਨੀਆਂ ਰਿਸ਼ਵਤ ਦੇ ਪੈਸੇ ਦੀ ਵਰਤੋਂ ਕਰਨ ਲਈ ਬਣਾਈਆਂ ਗਈਆਂ ਸਨ। ਸੁਰਿੰਦਰ ਸਿੰਘ ਨੇ ਗਮਾਡਾ ਵਿੱਚ ਆਪਣੇ ਸੇਵਾਕਾਲ ਦੌਰਾਨ ਏਕ ਓਂਕਾਰ ਬਿਲਡਰਜ਼ ਅਤੇ ਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ ਨਾਂਅ ਦੀ ਫਰਜ਼ੀ ਕੰਪਨੀ ਬਣਾਈ ਤੇ ਇਸ ਵਿੱਚ ਉਸ ਨੇ ਆਪਣੀ ਪਸੰਦ ਦੇ ਡਾਇਰੈਕਟਰ ਚੁਣੇ ਤੇ ਗੈਰ ਕਾਨੂੰਨੀ ਢੰਗ ਨਾਲ ਟੈਂਡਰ ਜਾਰੀ ਕਰ ਕੇ ਚਾਰ ਅਰਬ 19 ਕਰੋੜ 44 ਲੱਖ 37 ਹਜ਼ਾਰ 161 ਰੁਪਏ ਦਾ ਚੂਨਾ ਲਾਇਆ। ਇਨ੍ਹਾਂ ਕੰਪਨੀਆਂ ਵਿੱਚ ਸੇਲ ਡੀਡ ਦਾ ਨਕਲੀ ਧੰਦਾ ਦਿਖਾਇਆ ਸੀ, ਅਸਲ ਵਿੱਚ ਕੋਈ ਕਾਰੋਬਾਰ ਹੀ ਨਹੀਂ ਸੀ। ਗਮਾਡਾ ਅਤੇ ਪੰਜਾਬ ਮੰਡੀ ਬੋਰਡ ਵਿੱਚ ਆਪਣੇ ਸੇਵਾਕ-ਾਲ ਦੌਰਾਨ ਉਸ ਨੇ ਤਿੰਨ ਫਰਜ਼ੀ ਕੰਪਨੀਆਂ ਬਣਾਈਆਂ ਤੇ ਗਲਤ ਢੰਗ ਨਾਲ ਕਮਾਏ 65 ਕਰੋੜ 89 ਲੱਖ 28 ਹਜ਼ਾਰ 800 ਰੁਪਏ ਇਨ੍ਹਾਂ ਕੰਪਨੀਆਂ ਦੇ ਖਾਤਿਆਂ ਵਿੱਚ ਜਮ੍ਹਾ ਕਰਵਾਏ। ਇਸ ਪਿੱਛੋਂ ਦੋਸ਼ੀ ਨੇ ਇਨ੍ਹਾਂ ਪੈਸਿਆਂ ਨਾਲ ਲੁਧਿਆਣਾ, ਰੋਪੜ, ਮੋਹਾਲੀ ਤੇ ਚੰਡੀਗੜ੍ਹ ਵਿੱਚ 26 ਕਰੋੜ 41 ਲੱਖ 33 ਹਜ਼ਾਰ 612 ਰੁਪਏ ਦੀਆਂ 59 ਜਾਇਦਾਦਾਂ ਖਰੀਦੀਆਂ ਤੇ ਕੁਲੈਕਟਰ ਕੀਮਤਾਂ 'ਤੇ ਸੇਲ ਡੀ ਡੀ ਨੂੰ ਰਜਿਸਟਰ ਕਰਵਾਇਆ, ਜਦ ਕਿ ਇਨ੍ਹਾਂ ਜਾਇਦਾਦਾਂ ਦੀ ਮਾਰਕੀਟ ਕੀਮਤ ਇਸ ਤੋਂ ਕਿਤੇ ਜ਼ਿਆਦਾ ਹੈ। ਸੁਰਿੰਦਰ ਸਿੰਘ ਅਤੇ ਉਸ ਦੇ ਸਾਥੀ ਨੇ ਆਪਣੀ ਆਮਦਨ ਤੋਂ ਕਿਤੇ ਵੱਧ ਜਾਇਦਾਦ ਬਣਾਈ। ਦੋਸ਼ੀ ਸੁਰਿੰਦਰ ਸਿੰਘ ਅਤੇ ਉਸ ਦੇ ਸਾਥੀ ਦੇ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ।

# ਕਰਜ਼ੇ ਕਾਰਨ ਪੜਦਾਦੇ, ਦਾਦੇ ਤੇ ਪਿਤਾ ਪਿੱਛੋਂ ਪਰਿਵਾਰ 'ਚ ਪੰਜਵੀਂ ਖੁਦਕੁਸ਼ੀ

ਟੱਲੇਵਾਲ, 11 ਸਤੰਬਰ (ਪੋਸਟ ਬਿਊਰੋ)- ਥਾਣਾ ਟੱਲੇਵਾਲ ਦੇ ਪਿੰਡ ਭੋਤਨਾ ਵਿਖੇ ਕਰਜ਼ੇ ਦੇ ਕਾਰਨ ਇਕ ਨੌਜਵਾਨ ਨੇ ਕੀਟਨਾਸ਼ਕ ਦਵਾਈ ਪੀ ਕੇ ਆਪਣੀ ਜ਼ਿੰਦਗੀ ਸਮਾਪਤ ਕਰ ਲਈ ਹੈ। ਮਿਲੀ ਜਾਣਕਾਰੀ ਅਨੁਸਾਰ ਲਵਪ੍ਰੀਤ ਸਿੰਘ (22) ਪੁੱਤਰ ਕੁਲ-ਵੰਤ ਸਿੰਘ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਦਾ ਸੀ ਅਤੇ ਸਿਰ 'ਤੇ ਛੋਟੀ ਉਮਰੇ ਕਰਜ਼ੇ ਦਾ ਬੋਝ ਵਧ ਗਿਆ ਸੀ, ਕਿਉਂਕਿ ਪਿਛਲੇ ਸਾਲ ਜਨਵਰੀ ਮਹੀਨੇ ਲਵਪ੍ਰੀਤ ਸਿੰਘ ਦੇ ਪਿਤਾ ਕੁਲਵੰਤ ਸਿੰਘ ਨੇ ਕਰਜ਼ੇ ਕਾਰਨ ਖੁਦਕੁਸ਼ੀ ਕਰ ਲਈ ਸੀ। ਪਿਤਾ ਦੀ ਮੌਤ ਤੋਂ ਬਾਅਦ ਲਵਪ੍ਰੀਤ ਸਿੰਘ ਦੀ ਪੜ੍ਹਾਈ ਛੁੱਟ ਗਈ ਤੇ ਉਸ ਦੇ ਜ਼ਿੰਮੇ ਘਰ ਦਾ ਸਾਰਾ ਬੋਝ ਪੈ ਗਿਆ ਤੇ ਆਪਣੇ ਸਿਰ ਕਰਜ਼ੇ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ, ਜਿਸ ਕਾਰਨ ਉਸ ਨੇ ਠੇਕੇ 'ਤੇ ਲਏ ਖੇਤ ਜਾ ਕੇ ਕੀਟਨਾਸ਼ਕ ਦਵਾਈ ਪੀ ਲਈ। ਉਸ ਨੂੰ ਪਹਿਲਾਂ ਬਰਨਾਲਾ ਤੇ ਬਾਅਦ ਵਿੱਚ ਲੁਧਿਆਣਾ ਹਸਪਤਾਲ ਲਿਜ-ਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਜ਼ਿਕਰ ਯੋਗ ਹੈ ਕਿ ਲਵਪ੍ਰੀਤ ਸਿੰਘ ਦੇ ਦਾਦੇ ਨਾਹਰ ਸਿੰਘ, ਦਾਦੇ ਦੇ ਭਰਾ ਤੇ ਪੜਦਾਦੇ ਨੇ ਵੀ ਖੁਦਕੁਸ਼ੀ ਕਰ ਲਈ ਸੀ।

# ਫਰਜ਼ੀ ਡੀ ਐੱਸ ਪੀ ਬੋਲਿਆ, ਆਪਣਾ ਰਿਕਾਰਡ ਚੈੱਕ ਕਰਾਓ, ਮੈਂ ਖੁਫੀਆ ਵਿਭਾਗ ਤੋਂ ਹਾਂ

ਕੁਰਾਲੀ, 11 ਸਤੰਬਰ (ਪੋਸਟ ਬਿਊਰੋ)- ਪਿੰਡ ਬੜੌਦੀ ਨੇੜੇ ਰੋਹਣ ਐਂਡ ਰਾਜਦੀਪ ਕੰਪਨੀ ਦੇ ਟੋਲ ਪਲਾਜ਼ਾ ਉਤੇ ਕਰੀਬ ਇੱਕ ਮਹੀਨਾ ਪਹਿਲਾਂ ਵਰਦੀਧਾਰੀ ਪੁਲਸ ਨਾਲ ਪਹੁੰਚੇ ਖੁਦ ਨੂੰ ਡੀ ਐੱਸ ਪੀ ਦੱਸ ਕੇ ਟੋਲ ਪਲਾਜ਼ਾ ਦਾ ਰਿਕਾਰਡ ਦੇਖਣ ਵਾਲੇ ਵਿਅਕਤੀ ਨੂੰ ਪੁਲਸ ਨੇ ਬਸ ਸਟੈਂਡ ਤੋਂ ਗ੍ਰਿਫਤਾਰ ਕਰ ਲਿਆ ਹੈ। ਥਾਣਾ ਸਦਰ ਦੇ ਇੰਚਾਰਜ ਯੋਗੇਸ਼ ਕੁਮਾਰ ਨੇ ਦੱਸਿਆ ਕਿ ਸੱਤ ਅਗਸਤ ਨੂੰ ਉਸ ਟੋਲ ਪਲਾਜ਼ਾ 'ਤੇ ਇੱਕ ਸਰਦਾਰ ਵਿਅਕਤੀ ਵਰਦੀਧਾਰੀ ਪੁਲਸ ਨਾਲ ਹਥਿਆਰ ਸਮੇਤ ਪਹੁੰਚਿਆ ਅਤੇ ਉਸ ਨੇ ਖੁਦ ਨੂੰ ਖੁਫੀਆ ਵਿਭਾਗ ਦਾ ਡੀ ਐੱਸ ਪੀ ਦੱਸਿਆ ਸੀ। ਉਸ ਨੇ ਆਪਣਾ ਸ਼ਨਾਖਤੀ ਕਾਰਡ ਵੀ ਦਿਖਾਇਆ ਅਤੇ ਕਿਹਾ ਸੀ ਕਿ ਉਸ ਦੇ ਕੋਲ ਟੋਲ ਤੇ ਦਫਤਰ ਨਾਲ ਸੰਬੰਧਤ ਰਿਕਾਰਡ ਸਮੇਤ ਸੀ ਸੀ ਟੀ ਵੀ ਦੀ ਫੁਟੇਜ ਚੈੱਕ ਕਰਨ ਦੀ ਪਰਮਿਸ਼ਨ ਹੈ। ਇਸ ਪਿੱਛੋਂ ਟੋਲ ਪਲਾਜ਼ਾ ਸਟਾਫ ਨੇ ਉਸ ਵਿਅਕਤੀ ਨੂੰ ਰਿਕਾਰਡ ਜਾਂਚਣ ਦੀ ਇਜਾਜ਼ਤ ਦੇ ਦਿੱਤੀ। ਥਾਣਾ ਇੰਚਾਰਜ ਯੋਗੇਸ਼ ਕੁਮਾਰ ਦੇ ਅਨੁਸਾਰ ਉਸ ਦੇ ਜਾਣ ਪਿੱਛੋਂ ਟੋਲ ਪਲਾਜ਼ਾ ਮੈਨੇਜਰ ਐੱਚ ਐੱਸ ਮਿਨ-ਹਾਸ ਨੂੰ ਉਸ ਉੱਤੇ ਸ਼ੱਕ ਹੋਇਆ ਤਾਂ ਉਨ੍ਹਾਂ ਨੇ ਆਪਣੇ ਤੌਰ 'ਤੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉਹ ਡੀ ਐੱਸ ਪੀ ਨਹੀਂ ਸੀ। ਥਾਣਾ ਸਦਰ ਦੇ ਮੁਖੀ ਯੋਗੇਸ਼ ਕੁਮਾਰ ਨੇ ਦੱਸਿਆ ਕਿ ਨਕਲੀ ਡੀ ਐੱਸ ਪੀ ਜਸਵੰਤ ਸਿੰਘ ਦੇ ਖਿਲਾਫ ਬੀਤੀ ਛੇ ਸਤੰਬਰ ਨੂੰ ਟੋਲ ਪਲਾਜ਼ਾ ਮੈਨੇਜਰ ਨੇ ਥਾਣੇ ਵਿੱਚ ਸ਼ਿਕਾਇਤ ਦਿੱਤੀ ਸੀ, ਜਿਸ ਦੇ ਬਾਅਦ ਇਹ ਕਾਰਵਾਈ ਹੋਈ। ਪੁਲਸ ਨੇ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਦੋ ਦਿਨ ਦਾ ਰਿਮਾਂਡ ਲਿਆ ਹੈ।

## ਭਾਈ ਢੱਡਰੀਆਂ ਵਾਲੇ ਨੇ ਕਿਹਾ:

# ਘਾਟਾ ਪੂਰਾ ਕਰਨ ਲਈ ਮੇਰੇ ਉੱਤੇ ਮਾਣਹਾਨੀ ਦਾ ਦਾਅਵਾ ਕੀਤੈ

ਮਾਛੀਵਾੜਾ ਸਾਹਿਬ, 11 ਸਤੰਬਰ (ਪੋਸਟ ਬਿਊਰੋ)- ਗੁਰਦੁਆਰਾ ਪਰਮੇਸ਼ਵਰ ਦੁਆਰ ਦੇ ਮੁੱਖ ਸੇਵਾਦਾਰ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਆਪਣੇ ਖਿਲਾਫ ਮਾਣਹਾਨੀ ਦਾ ਦਾਅਵਾ ਕਰਨ ਵਾਲਿਆਂ ਬਾਰੇ ਕਿਹਾ ਕਿ ਅਸੀਂ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦਾ ਪ੍ਰਚਾਰ ਕੀਤਾ ਅਤੇ ਅਮਲ ਵਿੱਚ ਬਾਣੀ ਨੂੰ ਜੀਵਨ ਜਾਚ ਮੰਨਦੇ ਹਾਂ, ਪਰ ਕੁਝ ਸਿੱਖ ਧਰਮ ਦੇ ਪ੍ਰਚਾਰਕ ਗੁਰੂ ਦੀ ਬਾਣੀ ਰਾਹੀਂ ਵੱਡੀਆਂ ਕਰਾਮਾਤਾਂ ਸੁਣਾ ਰਹੇ ਹਨ। ਅਸੀਂ ਇਸ ਬਾਰੇ ਸੰਗਤ ਨੂੰ ਸੁਚੇਤ ਕੀਤਾ ਸੀ ਕਿ ਉਹ ਕਰਾਮਾਤਾਂ 'ਚ ਵਿਸ਼ਵਾਸ ਨਾ ਰੱਖਣ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸੋਚਣ, ਸਮਝਣ ਤੇ ਦਰਸਾਏ ਮਾਰਗ 'ਤੇ ਚੱਲਣ ਅਤੇ ਸਾਡੇ ਉੱਤੇ ਕੇਸ ਕਰ ਦਿੱਤਾ ਗਿਆ ਹੈ।



ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਕਿਹਾ ਕਿ ਬਾਬਾ ਹਰੀ ਸਿੰਘ ਰੰਧਾਵੇ ਵਾਲਿਆਂ ਦੇ ਪੁੱਤਰ ਗੁਰਪ੍ਰੀਤ ਸਿੰਘ ਨੇ ਸਾਡੇ ਖਿਲਾਫ ਗਲਤ ਟਿੱਪਣੀਆਂ ਕੀਤੀਆਂ, ਜਿਸ ਕਾਰਨ ਸਾਨੂੰ ਸੰਗਤ ਵਿੱਚ ਜਵਾਬ ਦੇਣਾ ਪਿਆ। ਉਨ੍ਹਾਂ ਕਿਹਾ ਕਿ ਰੰਧਾਵੇ ਵਾਲਿਆਂ ਨੇ ਉਨ੍ਹਾਂ ਖਿਲਾਫ ਇਹ ਪ੍ਰਚਾਰ ਕੀਤਾ ਕੀਤਾ ਕਿ ਅੱਜ ਕੱਲ੍ਹ ਦੇ ਪ੍ਰਚਾਰਕ ਤਰਕਸ਼ੀਲਾਂ ਵਾਲਾ ਪ੍ਰਚਾਰ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਬਾਣਾ ਉਤਾਰ ਦੇਣਾ ਚਾਹੀਦਾ ਹੈ ਤੇ ਪੰਥ ਵਿੱਚੋਂ ਕੱਢ ਦੇਣਾ ਚਾਹੀਦਾ ਹੈ। ਢੱਡਰੀਆਂ ਵਾਲਿਆਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕੱਲੇ ਉਨ੍ਹਾਂ ਦੇ ਨਹੀਂ, ਸਾਰੀ ਲੋਕਾਈ ਦੇ ਹਨ। ਉਨ੍ਹਾਂ ਹਮੇਸ਼ਾ ਬਾਣੀ ਦਾ ਅਰਥ ਸਮਝਾ ਕੇ ਲੋਕਾਂ ਨੂੰ ਕੁਦਰਤ ਦੇ ਨਿਯਮਾਂ ਅਨੁਸਾਰ ਚੱਲਣ ਲਈ ਪ੍ਰੇਰਿਤ ਕੀਤਾ ਤੇ ਕਈ ਹੋਰਨਾਂ ਪ੍ਰਚਾਰਕਾਂ ਵਾਂਗ ਵੱਡੀਆਂ-ਵੱਡੀਆਂ ਗੱਪਾਂ ਤੇ ਕਰਾਮਾਤਾਂ ਸੁਣਾ ਕੇ ਗੁੰਮਰਾਹ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੇਵਾਦਾਰ ਬਣ ਕੇ ਬਾਣੀ ਦਾ ਪ੍ਰਚਾਰ ਕਰਦੇ ਰਹਿਣਗੇ ਤੇ ਸੰਗਤ ਨੂੰ ਬਾਣੀ ਦੇ ਅਰਥ ਸਮਝਾ ਕੇ ਸਿੱਖੀ ਨਾਲ ਜੋੜਨਗੇ।

ਮਾਣਹਾਨੀ ਦਾ ਦਾਅਵਾ ਕਰਨ ਵਾਲਿਆਂ ਬਾਰੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪ੍ਰਚਾਰ ਕਾਰਨ ਕਰਾਮਾਤੀ ਡੇਰੇ ਬੰਦ ਹੋ ਰਹੇ ਹਨ, ਜਿਸ ਕਾਰਨ ਬਾਬਿਆਂ ਨੂੰ ਕਰੋੜਾਂ ਰੁਪਏ ਦਾ ਘਾਟਾ ਪਵੇਗਾ। ਇਸ ਲਈ ਕਰਾਮਾਤੀ ਲੋਕਾਂ ਨੇ ਘਾਟਾ ਪੂਰਾ ਕਰਨ ਲਈ ਸਾਡੇ ਉੱਤੇ ਦੋ ਕਰੋੜ ਦੀ ਮਾਣਹਾਨੀ ਦਾ ਦਾਅਵਾ ਕਰ ਦਿੱਤਾ ਹੈ। ਉਨ੍ਹਾਂ ਕਿਹਾ, 'ਮੇਰੇ ਖਿਲਾਫ ਕਈ ਲੋਕ ਬੋਲਦੇ ਹਨ, ਪਰ ਮੈਂ ਕਿਸੇ ਖਿਲਾਫ ਮਾਣਹਾਨੀ ਦਾ ਦਾਅਵਾ ਕਰਕੇ ਅਦਾਲਤ ਦਾ ਸਮਾਂ ਖਰਾਬ ਨਹੀਂ ਕੀਤਾ, ਬਲਕਿ ਉਸ ਗੱਲ ਦਾ ਤੱਥਾਂ ਸਮੇਤ ਜਵਾਬ ਦਿੱਤਾ ਹੈ।'

# ਸੋਸ਼ਲ ਮੀਡੀਆ ਉੱਤੇ ਧਮਕੀਆਂ ਦੇਣ ਦੇ ਦੋਸ਼ ਹੇਠ ਗਾਇਕ ਰੰਮੀ ਰੰਧਾਵਾ ਤੇ ਐਲੀ ਮਾਂਗਟ ਗ੍ਰਿਫਤਾਰ



*ਰੰਮੀ ਰੰਧਾਵਾ ਨੂੰ ਮਿਲੀ ਜ਼ਮਾਨਤ

ਐਸ ਏ ਐਸ ਨਗਰ (ਮੁਹਾਲੀ), 11 ਸਤੰਬਰ (ਪੋਸਟ ਬਿਊਰੋ)- ਪੰਜਾਬੀ ਗੀਤ 'ਤੇ ਇਤਰਾਜ਼ ਯੋਗ ਟਿੱਪਣੀ ਬਾਰੇ ਪੰਜਾਬ ਦੇ ਦੋ ਗਾਇਕਾਂ ਐਲੀ ਮਾਂਗਟ ਅਤੇ ਰੰਮੀ ਰੰਧਾਵਾ ਵੱਲੋਂ ਇਕ ਦੂਜੇ ਨੂੰ ਧਮਕੀ ਦੇਣ ਅਤੇ ਮੁਹਾਲੀ ਵਿੱਚ ਜਨਤਕ ਤੌਰ 'ਤੇ ਲੜਨ ਦੀ ਥਾਂ ਤੈਅ ਕਰਨ ਨੂੰ ਗੰਭੀਰਤਾ ਨਾਲ ਲੈਂਦਿਆਂ ਸੋਹਾਣਾ ਪੁਲਸ ਨੇ ਦੋਵੇਂ ਗਾਇਕਾਂ ਦੇ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਦੋਵੇਂ ਗਾਇਕਾਂ ਨੇ ਸੋਸ਼ਲ ਮੀਡੀਆ ਉੱਤੇ ਇਕ ਦੂਜੇ ਨੂੰ ਧਮਕੀ ਦਿੱਤੀ ਹੈ। ਰੰਮੀ ਰੰਧਾਵਾ ਨੂੰ ਪੁਲਸ ਨੇ ਬੀਤੇ ਦਿਨੀਂ ਗ੍ਰਿਫਤਾਰ ਕਰ ਲਿਆ ਤੇ ਐਲੀ ਮਾਂਗਟ ਨੂੰ ਅੱਜ ਗ੍ਰਿਫਤਾਰ ਕਰ ਲਿਆ ਗਿਆ ਹੈ। ਦੱਸਣਯੋਗ ਹੈ ਕਿ ਰੰਮੀ ਰੰਧਾਵਾ ਨੂੰ ਜ਼ਮਾਨਤ ਮਿਲ ਗਈ ਹੈ।

ਥਾਣਾ ਸੋਹਾਣਾ ਦੇ ਐਸ ਐਚ ਓ ਰਾਜੇਸ਼ ਹਸਤੀਰ ਨੇ ਸੋਸ਼ਲ ਮੀਡੀਆ 'ਤੇ ਅਪਲੋਡ ਧਮਕੀਆਂ ਭਰੀ ਜਾਣਕਾਰੀ ਨੂੰ ਆਧਾਰ ਬਣਾ ਕੇ ਗਾਇਕ ਰਮਨਦੀਪ ਉਰਫ ਰੰਮੀ ਰੰਧਾਵਾ ਵਾਸੀ ਅੰਮ੍ਰਿਤਸਰ ਅਤੇ ਐਲੀ ਮਾਂਗਟ ਖਿਲਾਫ ਧਾਰਾ 294, 504, 506 ਅਤੇ ਆਈ ਟੀ ਐਕਟ ਦਾ ਕੇਸ ਦਰਜ ਕੀਤਾ ਹੈ। ਪਤਾ ਲੱਗਾ ਹੈ ਕਿ ਦੋਵੇਂ ਗਾਇਕਾਂ ਨੇ ਸੋਸ਼ਲ ਮੀਡੀਆ 'ਤੇ ਇਕ ਦੂਜੇ ਨੂੰ ਧਮਕੀਆਂ ਦਿੰਦੇ ਹੋਏ ਸੈਕਟਰ 78 ਵਿੱਚ ਇਕ ਅਪਾਰਟਮੈਂਟ ਵਿੱਚ ਸ਼ਰ੍ਹੇਆਮ ਲੜਨ ਲਈ 11 ਸਤੰਬਰ ਦਾ ਦਿਨ ਤੈਅ ਕੀਤਾ ਸੀ। ਮਾਮਲਾ ਇਕ ਗੀਤ ਨੂੰ ਲੈ ਕੇ ਗਰਮਾਇਆ ਸੀ, ਜਿਸ ਵਿੱਚ ਇਕ ਗਾਇਕ ਨੇ ਦੂਜੇ ਗਾਇਕ ਨੂੰ ਗਲਤ ਗਾਉਣ ਲਈ ਵਰਜਿਆ ਸੀ। ਕੈਨੇਡਾ ਵਿੱਚ ਬੈਠੇ ਗਾਇਕ ਐਲੀ ਮਾਂਗਟ ਨੇ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਅਪਲੋਡ ਕਰਕੇ ਰੰਮੀ ਰੰਧਾਵਾ ਨੂੰ ਧਮਕੀ ਦਿੱਤੀ ਕਿ ਉਹ ਭਾਰਤ ਆ ਰਿਹਾ ਹੈ ਤੇ 11 ਸਤੰਬਰ ਨੂੰ ਉਸ ਦੇ ਘਰ ਵਿੱਚ ਆ ਹੋ ਕੇ ਉਸ ਨੂੰ ਮਾਰੇਗਾ। ਇੰਜ ਹੀ ਰੰਮੀ ਰੰਧਾਵਾ ਨੇ ਐਲੀ ਦੀ ਧਮਕੀ ਦਾ ਜਵਾਬ ਸੋਸ਼ਲ ਮੀਡੀਆ ਉੱਤੇ ਉਸ ਨੂੰ ਗਾਲਾਂ ਕੱਢੀਆਂ ਸਨ।

# ਪੋਸਟ ਆਫਿਸ ਦੀ 276 ਕਿੱਲੋ ਡਾਕ ਰੱਦੀ ਬਣਾ ਕੇ 2700 ਵਿੱਚ ਕਬਾੜੀਏ ਨੂੰ ਵੇਚੀ ਗਈ

## * ਲੋਕਾਂ ਨੂੰ ਵੰਡਣ ਦੀ ਥਾਂ ਚਿੱਠੀ-ਪੱਤਰ ਵੇਚ ਦਿੱਤੇ ਗਏ

ਚੰਡੀਗੜ੍ਹ, 11 ਸਤੰਬਰ (ਪੋਸਟ ਬਿਊਰੋ)- ਜਿਹੜੀ ਡਾਕ ਲੋਕਾਂ ਦੇ ਘਰਾਂ ਨੂੰ ਭੇਜੀ ਜਾਣੀ ਸੀ, ਉਹ ਪੋਸਟ ਆਫਿਸ ਤੋਂ ਰੱਦੀ ਬਣ ਕੇ ਨਿਕਲੀ ਅਤੇ ਕਬਾੜ ਦੀ ਦੁਕਾਨ ਉੱਤੇ ਪਹੁੰਚ ਗਈ। ਇਹ ਗੰਭੀਰ ਮਾਮਲਾ ਕੱਲ੍ਹ ਓਦੋਂ ਸਾਹਮਣੇ ਆਇਆ, ਜਦੋਂ ਸੈਕਟਰ 24 ਦੀ ਇੱਕ ਦੁਕਾਨ ਉੱਤੇ ਸੈਕਟਰ 17 ਪੋਸਟ ਆਫਿਸ ਦੀ ਲੇਟੇਸਟ ਡਾਕ ਰੱਦੀ ਦੇ ਰੂਪ ਵਿੱਚ ਵਿਕਣ ਦੇ ਲਈ ਆਈ। ਇਹ ਡਾਕ 276 ਕਿੱਲੋ ਬਣਦੀ ਸੀ, ਜਿਸ ਨੂੰ ਇੱਕ ਕਬਾੜੀਆ ਸੈਕਟਰ 17 ਦੇ ਜਨਰਲ ਪੋਸਟ ਆਫਿਸ ਤੋਂ ਖਰੀਦ ਕੇ ਇਥੇ ਅੱਗੇ ਵੇਚਣ ਲਈ ਲਿਆਇਆ ਸੀ।





ਪਤਾ ਲੱਗਾ ਹੈ ਕਿ ਉਸ ਕਬਾੜੀਏ ਨੇ ਇਹ 276 ਕਿੱਲੋ ਰੱਦੀ 2700 ਰੁਪਏ ਦੀ ਖਰੀਦੀ ਸੀ, ਪਰ ਇਸ ਉੱਤੇ ਕਿਸੇ ਦੀ ਨਜ਼ਰ ਪੈ ਗਈ ਅਤੇ ਮਾਮਲਾ ਪਕੜ ਵਿੱਚ ਆ ਗਿਆ। ਡਾਕ ਵਿੱਚ ਕਈ ਅਹਿਮ ਕਿਤਾਬਾਂ, ਮੈਗਜ਼ੀਨ, ਧਾਰਮਿਕ ਮੈਗਜ਼ੀਨਾਂ ਦੇ ਇਲਾਵਾ ਐੱਲ ਆਈ ਸੀ ਦੀਆਂ ਚਿੱਠੀਆਂ ਵੀ ਸਨਮ ਭਾਜਪਾ ਦੀ 'ਕਮਲ ਸੁਨੇਹਾ' ਮੈਗਜ਼ੀਨ ਸਨ। ਮੈਗਜ਼ੀਨ ਦੇ ਐਡੀਟਰ ਨੂੰ ਕਿਸੇ ਨੇ ਫੋਨ ਕਰ ਦਿੱਤਾ ਤਾਂ ਇਹ ਮਾਮਲਾ ਪਕੜਿਆ ਗਿਆ। ਮੌਕੇ 'ਤੇ ਲੋਕ ਇਕੱਠੇ ਹੋ ਗਏ ਅਤੇ ਪੋਸਟ ਆਫਿਸ ਦੇ ਅਫਸਰਾਂ ਨੂੰ ਫੋਨ ਕੀਤਾ ਗਿਆ। ਇਸ ਬਾਰੇ ਸੀਨੀਅਰ ਸੁਪਰਡੈਂਟ ਆਫ ਪੋਸਟ ਆਫਿਸਿਜ਼ ਮਨੋਜ ਕੁਮਾਰ ਨੇ ਕਿਹਾ ਕਿ ਕਈ ਚਿੱਠੀਆਂ ਜਾਂ ਡਾਕ ਜੇ ਰਿਸੀਵ ਨਹੀਂ ਕੀਤੀ ਜਾਂਦੀ ਤਾਂ ਉਹ ਸੈਂਡਰ ਨੂੰ ਦੋਬਾਰਾ ਭੇਜੀ ਜਾਂਦੀ ਹੈ। ਜੇ ਉਹ ਵੀ ਇਸ ਨੂੰ ਲੈਣ ਤੋਂ ਮਨ੍ਹਾ ਕਰ ਦੇਵੇ ਤਾਂ ਵਾਪਸ ਪੋਸਟ ਆਫਿਸ ਵਿੱਚ ਆ ਜਾਂਦੀ ਹੈ। ਅਜਿਹੀ ਡਾਕ ਨੂੰ ਅਸੀਂ ਕਦੇ ਰੱਦੀ ਵਿੱਚ ਨਹੀਂ ਵੇਚਦੇ, ਇਸ ਦੀ ਜਾਂਚ ਕਰ ਕੇ ਕਾਰਵਾਈ ਕੀਤੀ ਜਾਵੇਗੀ।



# ਮਨਜਿੰਦਰ ਸਿੰਘ ਸਿਰਸਾ ਨੇ ਬਿਨਾ ਮਨਜ਼ੂਰੀ ਦੇ ਗੁਰੂ ਦੇ ਨਾਮ ਉਤੇ ਲੱਖਾਂ ਰੁਪਏ ਇਕੱਠੇ ਕੀਤੇ: ਸਰਨਾ

ਨਵੀਂ ਦਿੱਲੀ, 11 ਸਤੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕੱਲ੍ਹ ਇਥੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਮੌਕੇ 'ਤੇ ਕੱਢੇ ਜਾਣ ਵਾਲੇ ਨਗਰ ਕੀਰਤਨ ਦੇ ਸੰਬੰਧ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਨੇ ਸੰਗਤ ਨਾਲ ਵੱਡਾ ਧੋਖਾ ਕੀਤਾ ਹੈ। ਪਾਕਿ-ਸਤਾਨ ਵੱਲੋਂ ਨਗਰ ਕੀਰਤਨ ਦੀ ਕੋਈ ਮਨਜ਼ੂਰੀ ਨਾ ਹੋਣ ਦੇ ਬਾਵਜੂਦ ਦਿੱਲੀ ਕਮੇਟੀ ਨੇ ਸਿੱਖ ਸੰਗਤ ਤੋਂ ਲੱਖਾਂ ਰੁਪਏ ਇਕੱਠੇ ਕਰ ਲਏ ਅਤੇ ਲੱਖਾਂ ਰੁਪਏ ਦਾ ਸੋਨਾ ਵੀ ਇਕੱਠਾ ਕਰ ਲਿਆ। ਅਸਲ ਵਿੱਚ ਪਾਕਿ-ਸਤਾਨ ਸਰਕਾਰ ਤੇ ਗੁਰਦੁਆਰਾ ਕਮੇਟੀ ਨੇ ਨਗਰ ਕੀਰਤਨ ਕੱਢਣ ਦੀ ਮਨਜ਼ੂਰੀ ਸਿਰਫ ਉਨ੍ਹਾਂ ਦੇ ਦਲ (ਸਰਨਾ ਦਲ) ਨੂੰ ਦਿੱਤੀ ਹੈ ਤਾਂ ਅਜਿਹੀ ਸਥਿਤੀ ਵਿੱਚ ਨਗਰ ਕੀਰਤਨ ਦੇ ਨਾਮ 'ਤੇ ਇਕੱਠੇ ਕੀਤੇ ਗਏ ਪੈਸਿਆਂ ਦਾ ਹਿਸਾਬ ਤੁਰੰਤ ਸਿੱਖ ਸੰਗਤ ਨੂੰ ਦੇਣਾ ਚਾਹੀਦਾ।



ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਰਨਾ ਭਰਾਵਾਂ ਨੇ ਕਿਹਾ ਕਿ ਸਦੀ ਦੇ ਸਭ ਤੋਂ ਮਹਾਨ ਅਤੇ ਪਵਿੱਤਰ ਸਮਾਗਮ ਦੇ ਮੌਕੇ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਗੁਰੂ ਦੀ ਸੰਗਤ ਦੇ ਨਾਲ ਸਭ ਤੋਂ ਵੱਡਾ ਧੋਖਾ ਅਤੇ ਫਰੇਬ ਕੀਤਾ ਹੈ, ਇਸ ਲਈ ਉਹ ਸਿੱਖ ਸੰਗਤ ਦੇ ਪ੍ਰਤੀ ਜਵਾਬਦੇਹ ਹਨ। ਸਰਨਾ ਨੇ ਦੱਸਿਆ ਕਿ ਕਮੇਟੀ ਪ੍ਰਧਾਨ ਸ਼੍ਰੋਮਣੀ ਸੰਸਥਾਵਾਂ ਤੇ ਗੁਰਦੁਆਰਿਆਂ ਦੀਆਂ ਜਾਇਦਾਦਾਂ ਆਪਣੀਆਂ ਬੇਨਾਮੀ ਕੰਪਨੀਆਂ ਨੂੰ ਵੇਚ ਰਹੇ ਹਨ ਤੇ ਜਿਸ ਪ੍ਰੋਗਰਾਮ ਨੂੰ ਕਰਨ ਆਗਿਆ ਨਹੀਂ ਮਿਲੀ, ਉਸ ਦੇ ਬਹਾਨੇ ਸ਼ਹਿਰ-ਸ਼ਹਿਰ ਜਾ ਕੇ ਪੈਸੇ ਇਕੱਠੇ ਕਰ ਰਹੇ ਹਨ।

# ਭਾਰਤ ਸਰਕਾਰ ਦੇ ਮੁਤਾਬਕ ਆਟੋਮੋਬਾਈਲ ਸੈਕਟਰ ਦੀ ਮੰਦੀ ਦੇ ਲਈ ਲੋਕ ਜ਼ਿੰਮੇਵਾਰ

ਨਵੀਂ ਦਿੱਲੀ, 11 ਸਤੰਬਰ (ਪੋਸਟ ਬਿਊਰੋ)- ਭਾਰਤ ਦਾ ਆਟੋਮੋਬਾਈਲ ਸੈਕਟਰ ਇਸ ਸਮੇਂ ਮੰਦੀ ਦੀ ਮਾਰ ਹੇਠ ਹੈ ਤੇ ਕਈ ਕੰਪਨੀਆਂ ਨੇ ਪ੍ਰੋਡਕਸ਼ਨ ਰੋਕ ਦਿੱਤੀ ਹੈ। ਇਸ ਖੇਤਰ ਨਾਲ ਜੁੜੀਆਂ ਲੱਖਾਂ ਨੌਕਰੀਆਂ ਖ਼ਤਰੇ ਵਿੱਚ ਪੈਣ ਪਿੱਛੋਂ ਵੱਡੇ-ਵੱਡੇ ਅਰਥ ਸ਼ਾਸਤਰੀ ਇਸ ਮੰਦੀ ਲਈ ਮੋਦੀ ਸਰਕਾਰ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਮੰਨਦੇ ਹਨ, ਪਰ ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਇਕ ਬਿਆਨ ਵਿਚ ਲੋਕਾਂ ਨੂੰ ਮੰਦੀ ਦੇ ਜ਼ਿੰਮੇਵਾਰ ਠਹਿਰਾ ਦਿੱਤਾ ਹੈ।



ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਦਾ ਕਹਿਣਾ ਹੈ ਕਿ ਆਟੋ ਮੋਬਾਈਲ ਸੈਕਟਰ ਵਿਚ ਮੰਦੀ ਦਾ ਕਾਰਨ ਇਹ ਹੈ ਕਿ ਲੋਕ ਨਵੀਆਂ ਕਾਰਾਂ ਖ਼ਰੀਦਣ ਦੀ ਥਾਂ ਓਲਾ ਅਤੇ ਉਬੇਰ ਵਿਚ ਜਾਣਾ ਪਸੰਦ ਕਰਨ ਲੱਗੇ ਤੇ ਕਾਰਾਂ ਵਿਕਣੀਆਂ ਘੱਟ ਹੋ ਗਈਆਂ ਹਨ। ਮੰਤਰੀ ਦੇ ਮੁਤਾਬਕ ਇਸ ਮੰਦੀ ਦੇ ਪਿੱਛੇ ਓਲਾ ਤੇ ਉਬੇਰ ਦਾ ਵੀ ਹੱਥ ਹੈ। ਇਸ ਤਰ੍ਹਾਂ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਸਫ਼ਾਈ ਨਾਲ ਮੰਦੀ ਲਈ ਖੁਦ ਲੋਕਾਂ ਨੂੰ ਜ਼ਿੰਮੇਵਾਰ ਠਹਿਰਾ ਦਿੱਤਾ ਹੈ, ਜਦ ਕਿ ਆਟੋ ਮੋਬਾਈਲ ਕੰਪਨੀਆਂ ਦੇ ਮਾਲਕਾਂ ਮੁਤਾਬਕ ਇਸ ਮੰਦੀ ਲਈ ਮੋਦੀ ਸਰਕਾਰ ਦੀਆਂ ਨੀਤੀਆਂ ਜ਼ਿੰਮੇਵਾਰ ਹਨ।

ਮਾਰੂਤੀ ਕੰਪਨੀ ਦੇ ਚੇਅਰਮੈਨ ਆਰ ਸੀ ਭਾਰਗਵ ਨੇ ਖਜ਼ਾਨਾ ਮੰਤਰੀ ਦੀ ਓਲਾ-ਉਬੇਰ ਬਾਰੇ ਗੱਲ ਨੂੰ ਰੱਦ ਕਰਦੇ ਹੋਏ ਕਿਹਾ ਹੈ ਕਿ ਇਸ ਮੰਦੀ ਲਈ ਸਿੱਧੇ ਤੌਰ ਉੱਤੇ ਮੋਦੀ ਸਰਕਾਰ ਦੀਆਂ ਨੀਤੀਆਂ ਜ਼ਿੰਮੇਵਾਰ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੈਟਰੋਲ-ਡੀਜ਼ਲ ਦੀ ਉਚੀ ਟੈਕਸ ਦਰ ਅਤੇ ਰੋਡ ਟੈਕਸ ਦੇ ਕਾਰਨ ਲੋਕ ਕਾਰਾਂ ਖ਼ਰੀਦਣ ਤੋਂ ਕਤਰਾਉਣ ਲੱਗੇ ਹਨ, ਜਦ ਕਿ ਇੰਡਸਟਰੀ ਵੱਲੋਂ ਵਾਹਨਾਂ ਉੱਤੇ ਲੱਗੀ ਮੋਟੀ ਜੀ ਐਸ ਟੀ ਨੂੰ ਵੀ ਮੰਦੀ ਦਾ ਕਾਰਨ ਮੰਨਿਆ ਜਾਂਦਾ ਹੈ। ਆਰ ਸੀ ਭਾਰਗਵ ਦੇ ਅਨੁਸਾਰ ਸਖ਼ਤ ਸੇਫ਼ਟੀ ਤੇ ਇਮੀਗ੍ਰੇਸ਼ਨ ਨਿਯਮ, ਬੀਤੇ ਦੀ ਵੱਧ ਲਾਗਤ ਅਤੇ ਵਾਧੂ ਰੋਡ ਟੈਕਸ ਇਸ ਮੰਦੀ ਦਾ ਵੱਡਾ ਕਾਰਨ ਹਨ। ਇਸ ਤੋਂ ਬਿਨਾ ਕਾਰਾਂ ਦੀ ਵਧੀਆਂ ਕੀਮਤਾਂ ਨੂੰ ਵੀ ਉਨ੍ਹਾਂ ਨੇ ਮੰਦੀ ਦਾ ਕਾਰਨ ਦੱਸਿਆ ਹੈ, ਜੋ ਕਾਰਾਂ ਵਿਚ ਏਅਰਬੈਗਸ ਅਤੇ ਏ ਬੀ ਐਸ ਵਰਗੇ ਸੇਫਟੀ ਫੀਚਰ ਜੋੜਨ ਨਾਲ ਵਧੀਆਂ ਹਨ। ਰਜਿਸਟ੍ਰੇਸ਼ਨ ਫੀਸ ਦਾ ਮਹਿੰਗਾ ਹੋਣਾ ਵੀ ਮੰਦੀ ਦੀ ਵਜ੍ਹਾ ਵਿਚ ਸ਼ਾਮਲ ਹੈ ਅਤੇ ਇਹ ਸਾਰਾ ਕੁਝ ਸਰਕਾਰ ਵੱਲੋਂ ਕੀਤਾ ਗਿਆ ਹੈ।

# ਸੁਪਰੀਮ ਕੋਰਟ ਵਿਚਾਰ ਕਰੇਗੀ, ਕਦੋਂ ਅਡਲਟ ਹੁੰਦੀ ਹੈ ਮੁਸਲਿਮ ਲੜਕੀ

ਨਵੀਂ ਦਿੱਲੀ, 11 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਇਸ ਕੇਸ ਉੱਤੇ ਸੁਣਵਾਈ ਕਰਨਾ ਮੰਨ ਗਈ ਹੈ, ਜਿਸ ਵਿੱਚ ਨਬਾਲਿਗ ਮੁਸਲਮਾਨ ਕੁੜੀ ਨੇ ਕਿਹਾ ਹੈ ਕਿ ਉਸ ਨੇ ਮੁਸਲਿਮ ਕਾਨੂੰਨ ਦੇ ਹਿਸਾਬ ਨਾਲ ਨਿਕਾਹ ਕੀਤਾ ਹੈ ਤੇ ਉਹ ਪਿਊਬਰਟੀ ਦੀ ਉਮਰ ਵਿੱਚ ਜਾ ਚੁੱਕੀ ਹੈ ਅਤੇ ਆਪਣੀ ਜ਼ਿੰਦਗੀ ਜਿਊਣ ਲਈ ਆਜ਼ਾਦ ਹੈ।



ਅਸਲ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਇੱਕ ਫੈਸਲੇ ਨੂੰ ਇਸ ਕੁੜੀ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ, ਕਿਉਂਕਿ ਹਾਈ ਕੋਰਟ ਨੇ ਇਸ ਕੁੜੀ ਦਾ ਵਿਆਹ ਰੱਦ ਕਰ ਕੇ ਉਸਨੂੰ ਸ਼ੇਲਟਰ ਹੋਮ ਵਿੱਚ ਭੇਜਣ ਦਾ ਆਦੇਸ਼ ਦਿੱਤਾ ਸੀ। ਸੁਪਰੀਮ ਕੋਰਟ ਵਿੱਚ ਪੇਸ਼ ਅਰਜ਼ੀ ਵਿੱਚ ਕੁੜੀ ਨੇ ਕਿਹਾ ਕਿ ਉਹ ਸ਼ਾਦੀ-ਸ਼ੁਦਾ ਹੈ, ਇਸ ਲਈ ਉਸ ਨੂੰ ਜੋੜੇ ਵਾਲਾ ਜੀਵਨ ਬਤੀਤ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਇਹ ਮਾਮਲਾ ਉੱਤਰ ਪ੍ਰਦੇਸ਼ ਦੇ ਅਯੁੱਧਿਆ ਦਾ ਹੈ।

ਸੁਪਰੀਮ ਕੋਰਟ ਦੇ ਜਸਟਿਸ ਐਨ ਵੀ ਰਾਮੰਨਾ, ਜਸਟਿਸ ਇੰਦਰਾ ਬੈਨਰਜੀ ਅਤੇ ਜਸਟਿਸ ਅਜੇ ਰਸਤੋਗੀ ਦੀ ਬੈਂਚ ਨੇ ਇਸ ਕੇਸ ਦੀ ਅਰਜੀ ਉੱਤੇ ਸੁਣਵਾਈ ਦੀ ਸਹਿਮਤੀ ਦਿੰਦੇ ਹੋਏ ਉੱਤਰ ਪ੍ਰਦੇਸ਼ ਸਰਕਾਰ ਨੂੰ ਨੋਟਿਸ ਜਾਰੀ ਕਰ ਜਵਾਬ ਪੇਸ਼ ਕਰਨ ਨੂੰ ਕਿਹਾ ਹੈ। ਕੁੜੀ ਦੀ ਉਮਰ 16 ਸਾਲ ਦੱਸੀ ਗਈ ਹੈ। ਅਯੁੱਧਿਆ ਦੀ ਹੇਠਲੀ ਅਦਾਲਤ ਨੇ ਇਸ ਕੇਸ ਦੀ ਸੁਣਵਾਈ ਵੇਲੇ ਕਿਹਾ ਸੀ ਕਿ ਕੁੜੀ ਹਾਲੇ ਨਬਾਲਿਗ ਹੈ, ਇਸ ਲਈ ਉਸਨੂੰ ਸ਼ੇਲਟਰ ਹੋਮ ਭੇਜਿਆ ਜਾਵੇ। ਕੁੜੀ ਨੇ ਅਲਾਹਾਬਾਦ ਹਾਈ ਕੋਰਟ ਵਿੱਚ ਅਰਜੀ ਦੇ ਕੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਤਾਂ ਹਾਈ ਕੋਰਟ ਨੇ ਵੀ ਕਿਹਾ ਕਿ ਪਟੀਸ਼ਨ ਦਾਖਲ ਕਰਨ ਵਾਲੀ ਕੁੜੀ ਨਬਾਲਿਗ ਹੈ, ਉਹ ਆਪਣੇ ਮਾਤਾ-ਪਿਤਾ ਨਾਲ ਨਹੀਂ ਰਹਿਣਾ ਚਾਹੁੰਦੀ ਤਾਂ ਉਸ ਨੂੰ ਸ਼ੇਲਟਰ ਹੋਮ ਵਿੱਚ ਭੇਜਣ ਦਾ ਆਦੇਸ਼ ਠੀਕ ਹੈ। ਹਾਈ ਕੋਰਟ ਨੇ ਵਿਆਹ ਨੂੰ ਵੀ ਰੱਦ ਕਰ ਦਿੱਤਾ ਹੈ। ਇਸ ਕੁੜੀ ਨੇ ਅਰਜ਼ੀ ਵਿੱਚ ਕਿਹਾ ਕਿ ਮੁਸਲਿਮ ਕਨੂੰਨ ਹੇਠ ਕੁੜੀ ਦੀ ਬਾਲਗ ਉਮਰ, ਜਿਹੜੀ 15 ਸਾਲ ਹੈ, ਹੋਣ ਉਤੇ ਜ਼ਿੰਦਗੀ ਦਾ ਦਾ ਫ਼ੈਸਲਾ ਲੈਣ ਉਹ ਲਈ ਆਜਾਦ ਹੈ ਅਤੇ ਆਪਣੀ ਪਸੰਦ ਦੇ ਕਿਸੇ ਵਿਅਕਤੀ ਨਾਲ ਵਿਆਹ ਕਰਨ ਦੀ ਹੱਕਦਾਰ ਹੈ। ਉਸ ਨੇ ਆਪਣੇ ਵਕੀਲ ਦੁਸ਼ਪਾਰ ਵਿਆਸ ਰਾਹੀਂ ਪੇਸ਼ ਕੀਤੀ ਅਰਜ਼ੀ ਵਿੱਚ ਕਿਹਾ ਕਿ ਹਾਈ ਕੋਰਟ ਸਚਾਈ ਨੂੰ ਸਮਝਣ ਤੋਂ ਅਸਫਲ ਰਹੀ ਹੈ ਕਿ ਉਸ ਦਾ ਨਿਕਾਹ ਮੁਸਲਮਾਨ ਕਾਨੂੰਨ ਦੇ ਅਨੁਸਾਰ ਹੋਇਆ ਹੈ। ਕੁੜੀ ਨੇ ਆਪਣੇ ਜਿਊਣ ਅਤੇ ਅਜਾਦੀ ਦੇ ਅਧਿਕਾਰ ਦੀ ਰਾਖੀ ਦੀ ਬੇਨਤੀ ਕਰਦੇ ਹੋਏ ਦਲੀਲ ਦਿੱਤੀ ਹੈ ਕਿ ਉਹ ਇੱਕ ਨੌਜਵਾਨ ਨਾਲ ਪਿਆਰ ਕਰਦੀ ਹੈ ਅਤੇ ਇਸ ਸਾਲ ਜੂਨ ਵਿੱਚ ਮੁਸਲਮਾਨ ਕਨੂੰਨ ਦੇ ਅਨੁਸਾਰ ਉਨ੍ਹਾਂ ਦਾ ਨਿਕਾਹ ਹੋ ਚੁੱਕਿਆ ਹੈ।

# ਹਰਿਆਣਾ ਦੇ ਪੰਜ ਵਿਧਾਇਕਾਂ ਦੀ ਮੈਂਬਰੀ ਦਲਬਦਲੀ ਦੇ ਦੋਸ਼ ਹੇਠ ਰੱਦ

ਚੰਡੀਗੜ੍ਹ, 11 ਸਤੰਬਰ (ਪੋਸਟ ਬਿਊਰੋ)- ਹਰਿਆਣਾ ਵਿਧਾਨ ਸਭਾ ਦੇ ਸਪੀਕਰ ਕੰਵਰਪਾਲ ਗੁਰਜਰ ਨੇ ਦਲਬਦਲੀ ਦੇ ਦੋਸ਼ ਵਿੱਚ ਪੰਜ ਵਿਦਾਇਕਾਂ ਦੀ ਮੈਂਬਰੀ ਰੱਦ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਇਸ ਫੈਸਲੇ ਤੋਂ ਪਹਿਲਾ ਪੰਜਾਂ ਵਿਧਾਇਕ ਨੈਨਾ ਚੌਟਾਲਾ, ਰਾਜਦੀਪ ਫੌਗਾਟ, ਅਨੂਪ ਧਾਨਕ ਅਤੇ ਪਿਰਥੀ ਸਿੰਘ ਨੰਬਰਦਾਰ ਪਹਿਲੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ ਨੂੰ ਛੱਡ ਕੇ ਜਨਨਾਇਕ ਜਨਤਾ ਪਾਰਟੀ ਅਤੇ ਨਸੀਮ ਅਹਿਮਦ ਭਾਜਪਾ ਵਿੱਚ ਸ਼ਾਮਲ ਹੋ ਚੁੱਕੇ ਹਨ। ਇਸ ਕੇਸ ਵਿੱਚ ਤਿੰਨ ਸਤੰਬਰ ਨੂੰ ਬਹਿਸ ਪਿੱਛੋਂ ਸਪੀਕਰ ਨੇ ਫੈਸਲਾ ਰਿਜ਼ਰਵ ਰੱਖ ਲਿਆ ਸੀ। ਕੱਲ੍ਹ ਨਸੀਮ ਅਹਿਮਦ ਦੇ ਕੇਸ ਦੀ ਸੁਣਵਾਈ ਮੌਖੇ ਨਾ ਉਹ ਖੁਦ ਪਹੁੰਚੇ ਅਤੇ ਨਾ ਉਨ੍ਹਾਂ ਵੱਲੋਂ ਕੋਈ ਵਕੀਲ ਆਇਆ। ਸਪੀਕਰ ਨੇ ਐਕਸ ਪਾਰਟੀ ਮੰਨਦੇ ਹੋਏ ਉਨ੍ਹਾਂ ਨੂੰ ਵੀ ਅਯੋਗ ਐਲਾਨ ਕਰ ਦਿੱਤਾ। ਸਪੀਕਰ ਨੇ ਦੋਵਾਂ ਕੇਸਾਂ ਦਾ ਵੱਖ-ਵੱਖ ਫੈਸਲਾ ਸੁਣਾਇਆ ਹੈ। ਜਨਨਾਇਕ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਚਾਰ ਵਿਧਾਇਕਾਂ ਨੂੰ 18 ਪੇਜ ਦੇ ਫੈਸਲੇ ਵਿੱਚ ਅਯੋਗ ਐਲਾਨ ਕਰਾਰ ਦਿੱਤਾ ਗਿਆ ਹੈ। ਇਨੈਲੋ ਪਾਰਟੀ ਦੇ ਵਿਧਾਇਕ ਅਭੈ ਸਿੰਘ ਚੌਟਾਲਾ ਨੇ ਇਨ੍ਹਾਂ ਵਿਧਾਇਕਾਂ ਦੇ ਖਿਲਾਫ ਸਪੀਕਰ ਨੂੰ ਦਲਬਦਲੀ ਦੇ ਦੋਸ਼ ਵਿੱਚ 26 ਜੁਲਾਈ ਨੂੰ ਵੱਖ-ਵੱਖ ਪਟੀਸ਼ਨਾਂ ਕੀਤੀਆਂ ਸਨ। 25 ਮਾਰਚ ਨੂੰ ਇਨੈਲੋ ਵਿਧਾਇਕ ਰਹੇ ਬਲਵਾਨ ਸਿੰਘ ਦੌਲਤਪੁਰੀਆ ਨੇ ਦਲਬਦਲ ਕੇਸ ਵਿੱਚ ਪਟੀਸ਼ਨ ਦਾਇਰ ਕੀਤੀ ਸੀ, ਪਰ ਉਹ ਵੀ ਇਨੈਲੋ ਛੱਡ ਕੇ ਅਤੇ ਅਹੁਦੇ ਤੋਂ ਅਸਤੀਫਾ ਦੇ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ।

ਪਹਿਲੀ ਪਟੀਸ਼ਨ ਵਿੱਚ ਜਨਨਾਇਕ ਜਨਤਾ ਪਾਰਟੀ ਦੇ ਪੱਖ ਵਾਲੇ ਚਾਰ ਵਿਧਾਇਕਾਂ ਨੂੰ ਪਾਰਟੀ ਬਣਾਇਆ ਅਤੇ ਦੂਸਰੀ ਅਹਿਮਦ ਦੇ ਖਿਲਾਫ ਦਾਇਰ ਕੀਤੀ ਗਈ ਸੀ। ਤਿੰਨ ਸਤੰਬਰ ਨੂੰ ਬਹਿਸ ਤੋਂ ਪਹਿਲਾਂ ਨੈਨਾ ਚੌਟਾਲਾ, ਰਾਜਦੀਪ, ਅਨੂਪ ਅਤੇ ਪਿਰਥੀ ਨੇ ਸਪੀਕਰ ਨੂੰ ਅਸਤੀਫੇ ਸੌਂਪ ਦਿੱਤੇ ਸਨ।

# ਗੁਜਰਾਤ ਨੇ ਟਰੈਫਿਕ ਜੁਰਮਾਨੇ ਘਟਾਏ, ਗਡਕਰੀ ਕਹਿੰਦਾ: ਕੋਈ ਸੂਬਾ ਏਦਾਂ ਨਹੀਂ ਕਰ ਸਕਦਾ

ਨਵੀਂ ਦਿੱਲੀ, 11 ਸਤੰਬਰ (ਪੋਸਟ ਬਿਊਰੋ)- ਭਾਰਤ ਵਿੱਚ ਨਵੇਂ ਮੋਟਰ ਵ੍ਹੀਕਲ ਐਕਟ ਵਿੱਚ ਭਾਰੀ ਜ਼ੁਰਮਾਨੇ ਬਾਰੇ ਲੋਕਾਂ ਦੀ ਨਾਰਾਜ਼ਗੀ ਦੇਖ ਕੇ ਕੁਝ ਰਾਜ ਸਰਕਾਰਾਂ ਥੋੜ੍ਹੀ ਰਾਹਤ ਉੱਤੇ ਵਿਚਾਰ ਕਰ ਰਹੀਆਂ ਹਨ। ਗੁਜਰਾਤ ਵਿੱਚ ਭਾਜਪਾ ਦੀ ਵਿਜੇ ਰੂਪਾਨੀ ਸਰਕਾਰ ਨੇ ਵੀ ਇਸ ਦੌਰਾਨ ਜ਼ੁਰਮਾਨੇ ਦੀ ਰਕਮ ਘੱਟ ਕਰ ਦਿੱਤੀ ਹੈ।



ਇਸ ਬਾਰੇ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨੇ ਕਿਹਾ, 'ਮੋਟਰ ਵ੍ਹੀਕਲ ਸੋਧ ਬਿੱਲ ਵਿੱਚ ਕੋਈ ਵੀ ਸੂਬਾ ਤਬਦੀਲੀ ਨਹੀਂ ਕਰ ਸਕਦਾ।' ਉਨ੍ਹਾ ਕਿਹਾ, 'ਮੈਂ ਰਾਜਾਂ ਤੋਂ ਜਾਣਕਾਰੀ ਲਈ ਹੈ। ਹਾਲੇ ਕੋਈ ਇਹੋ ਜਿਹਾ ਰਾਜ ਨਹੀਂ ਹੈ, ਜਿਸ ਨੇ ਕਿਹਾ ਹੋਵੇ ਕਿ ਇਸ ਐਕਟ ਨੂੰ ਲਾਗੂ ਨਹੀਂ ਕਰਾਂਗੇ। ਕੋਈ ਵੀ ਰਾਜ ਇਸ ਤੋਂ ਬਾਹਰ ਨਹੀਂ ਜਾ ਸਕਦਾ।'

ਗਡਕਰੀ ਇਸ ਤੋਂ ਪਹਿਲਾਂ ਵੀ ਟਰੈਫਿਕ ਜ਼ੁਰਮਾਨਾ ਵਧਾਉਣ ਦੇ ਫੈਸਲੇ ਨੂੰ ਕਈ ਵਾਰ ਠੀਕ ਠਹਿਰਾ ਚੁਕੇ ਹਨ। ਉਨ੍ਹਾਂ ਸਾਫ਼ ਕਿਹਾ ਸੀ ਕਿ ਸਰਕਾਰ ਨੇ ਟਰੈਫਿਕ ਨਿਯਮਾਂ ਦੀ ਉਲੰਘਣਾ ਉਤੇ ਜ਼ੁਰਮਾਨੇ ਦੀ ਰਕਮ ਵਧਾਉਣ ਵਾਲਾ ਫੈਸਲਾ ਜੇਬ ਭਰਨ ਲਈ ਨਹੀਂ, ਲੋਕਾਂ ਨੂੰ ਟਰੈਫਿਕ ਰੂਲਜ਼ ਮੰਨਣ ਲਈ ਪ੍ਰੇਰਿਤ ਕਰਨ ਤੇ ਸੜਕਾਂ ਨੂੰ ਸੁਰੱਖਿਅਤ ਕਰਨ ਵਾਸਤੇ ਲਿਆ ਹੈ। ਉਨ੍ਹਾਂ ਕਿਹਾ ਕਿ ਇਕ ਵਾਰ ਓਵਰ ਸਪੀਡਿੰਗ ਵਿੱਚ ਉਨ੍ਹਾਂ ਦੀ ਗੱਡੀ ਦਾ ਚਾਲਾਨ ਵੀ ਕੱਟ ਚੁੱਕਾ ਹੈ।

ਵਰਨਣ ਯੋਗ ਹੈ ਕਿ ਗੁਜਰਾਤ ਸਰਕਾਰ ਨੇ ਬੀਤੇ ਮੰਗਲਵਾਰ ਜ਼ੁਰਮਾਨੇ ਦੀ ਰਕਮ ਘਟਾਉਣ ਦਾ ਐਲਾਨ ਕੀਤਾ ਤੇ ਖਾਸ ਤੌਰ ਉਤੇ ਦੋਪਹੀਆ ਅਤੇ ਖੇਤੀਬਾੜੀ ਕੰਮਾਂ ਵਿੱਚ ਲੱਗੇ ਵਾਹਨਾਂ ਨੂੰ ਇਹ ਛੋਟ ਦਿੱਤੀ ਸੀ। ਗੁਜਰਾਤ ਦੇ ਮੁੱਖ ਮੰਤਰੀ ਵਿਜੇ ਰੂਪਾਨੀ ਨੇ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ: 'ਅਸੀਂ ਇਸ ਦੇ ਨਵੇਂ ਨਿਯਮਾਂ ਦੀ ਧਾਰਾ 50 ਵਿੱਚ ਤਬਦੀਲੀ ਕੀਤੀ ਤੇ ਜ਼ੁਰਮਾਨੇ ਦੀ ਰਕਮ ਘੱਟ ਕੀਤੀ ਹੈ।' ਨਵੇਂ ਨਿਯਮਾਂ ਅਨੁਸਾਰ ਹੈਲਮੇਟ ਨਾ ਪਾਉਣ ਉੱਤੇ ਜ਼ੁਰਮਾਨਾ 1000 ਰੁਪਏ ਤੋਂ ਘਟਾ ਕੇ 500 ਕਰ ਦਿੱਤਾ ਗਿਆ ਅਤੇ ਸੀਟ ਬੈਲਟ ਨਾ ਲਾਉਣ ਦਾ ਜ਼ੁਰਮਾਨਾ ਇਕ ਹਜ਼ਾਰ ਤੋਂ ਘਟਾ ਕੇ 500 ਕਰ ਦਿੱਤਾ ਹੈ। ਡਰਾਈਵਿੰਗ ਲਾਇਸੈਂਸ ਬਿਨਾਂ ਗੱਡੀ ਚਲਾਉਣ ਦੇ ਨਵੇਂ ਨਿਯਮਾਂ ਹੇਠ 5 ਹਜ਼ਾਰ ਰੁਪਏ ਜ਼ੁਰਮਾਨਾ ਹੈ, ਪਰ ਗੁਜਰਾਤ ਵਿੱਚ ਦੋਪਹੀਆ ਵਾਹਨ ਚਾਲਕਾਂ ਨੂੰ 2 ਹਜ਼ਾਰ ਅਤੇ ਬਾਕੀਆਂ ਨੂੰ 3 ਹਜ਼ਾਰ ਰੁਪਏ ਜ਼ੁਰਮਾਨਾ ਦੇਣਾ ਪਵੇਗਾ।

# ਅਲੀਬਾਬਾ ਦੇ ਫਾਊਂਡਰ ਜੈਕ ਮਾ ਨੇ ਰਿਟਾਇਰਮੈਂਟ ਲੈ ਲਈ

ਨਵੀਂ ਦਿੱਲੀ, 11 ਸਤੰਬਰ (ਪੋਸਟ ਬਿਊਰੋ)- ਅਲੀਬਾਬਾ ਗਰੁੱਪ ਦੇ ਕੋ-ਫਾਊਂਡਰ ਅਤੇ ਚੀਨ ਦੇ ਸਟੀਵ ਜਾਬਸ ਦੇ ਨਾਂਅ ਨਾਲ ਪ੍ਰਸਿੱਧ ਜੈਕ ਮਾ ਨੇ ਕੱਲ੍ਹ ਰਿਟਾਇਰਮੈਂਟ ਲੈ ਲਈ ਹੈ। ਉਹ ਆਪਣੇ ਉਸੇ ਅਪਾਰਟਮੈਂਟ ਵਿੱਚ ਪਰਤ ਜਾਣਗੇ, ਜਿੱਥੇ ਵੀਹ ਸਾਲ ਪਹਿਲਾਂ ਅਲੀਬਾਬਾ ਦੀ ਨੀਂਹ ਰੱਖੀ ਗਈ ਸੀ।

ਇਸ ਬਾਰੇ ਅਲੀਬਾਬਾ ਗਰੁੱਪ ਨੇ ਇੱਕ ਟਵੀਟ ਵਿੱਚ ਇਹ ਕਿਹਾ, ਜੈਕ ਮਾ ਅਲੀਬਾਬਾ ਦੇ ਜਨਮ ਸਥਾਨ ਹੂਪਨ ਗਾਰਡਨ ਵਿੱਚ ਪਰਤ ਰਹੇ ਹਨ। ਹਾਂਗਝੂ ਸੂਬੇ ਦਾ ਉਹੀ ਅਪਾਰਟਮੈਂਟ, ਜਿੱਥੇ ਅਲੀਬਾਬਾ ਦਾ ਜੀਵਨ ਸ਼ੁਰੂ ਹੋਇਆ ਸੀ। ਇਸ ਦੇ ਬਾਅਦ ਅਲੀਬਾਬਾ ਗਰੁੱਪ ਦੇ ਮੁੱਖ ਕਾਰਜਕਾਰੀ ਡੇਨੀਅਲ ਝਾਂਗ ਨੇ ਉਨ੍ਹਾਂ ਦੀ ਜਗ੍ਹਾ ਕੰਪਨੀ ਦੀ ਕਮਾਨ ਸੰਭਾਲ ਲਈ ਹੈ। ਇਹ ਗਰੁੱਪ ਲਈ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ, ਜਿਸ ਵਿੱਚ ਉਸ ਨੂੰ ਇੱਕ ਸਟਾਰਟਅਪ ਤੋਂ ਏਸ਼ੀਆ ਦਾ ਸਭ ਤੋਂ ਵੱਡਾ ਆਨਲਾਈਨ ਮਾਰਕੀਟ ਪਲੇਸ ਬਣਾਉਣੇ ਵਾਲੇ ਮਾ ਨਹੀਂ ਹੋਣਗੇ। ਆਪਣੇ ਸ਼ੁਰੂਅ ਦੇ ਜੀਵਨ ਵਿੱਚ ਅੰਗਰੇਜ਼ੀ ਟੀਚਰ ਰਹੇ ਮਾ ਨੇ 35 ਸਾਲ ਦੀ ਉਮਰ ਵਿੱਚ ਦੋਸਤਾਂ ਨਾਲ ਮਿਲ ਕੇ ਅਲੀਬਾਬਾ ਕੰਪਨੀ ਦੀ ਨੀਂਹ ਰੱਖੀ ਸੀ। ਦੋ ਦਹਾਕੇ ਬਾਅਦ ਅਲੀਬਾਬਾ ਗਰੁੱਪ 480 ਅਰਬ ਡਾਲਰ ਦਾ ਹੋ ਗਿਆ ਅਤੇ ਮਾ ਚੀਨ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ। ਸਾਲ 2016 ਵਿੱਚ ਉਹ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਸਨ।

# ਅਗਵਾ ਹੋਇਆ ਬੇਟਾ 20 ਸਾਲ ਬਾਅਦ ਅਮਰੀਕਾ ਤੋਂ ਮਿਲਿਆ

*** ਸੀ ਬੀ ਆਈ ਵੱਲੋਂ ਡੀ ਐੱਨ ਏ ਟੈਸਟ ਤੋਂ ਬੇਟੇ ਦੀ ਪਛਾਣ ਹੋਈ**

ਚੇਨਈ, 11 ਸਤੰਬਰ (ਪੋਸਟ ਬਿਊਰੋ)- ਮਾਤਾ ਪਿਤਾ ਅਤੇ ਬੱਚੇ ਦੇ ਰਿਸ਼ਤੇ ਦਾ ਇੱਕ ਭਾਵੁਕ ਮਾਮਲਾ ਸਾਹਮਣੇ ਆਇਆ ਹੈ। 20 ਸਾਲ ਪਹਿਲਾਂ ਅਗਵਾ ਕੀਤੇ ਗਏ ਬੇਟੇ ਦੇ ਮਿਲ ਜਾਣ ਦੇ ਬਾਵਜੂਦ ਉਸ ਦੇ ਮਾਤਾ ਪਿਤਾ ਇਸ ਲਈ ਆਪਣੇ ਨਾਲ ਨਹੀਂ ਰੱਖਣਾ ਚਾਹੁੰਦੇ ਕਿ ਅਜੇ ਉਹ ਜਿੱਥੇ ਹੈ, ਉਥੇ ਜ਼ਿਆਦਾ ਖੁਸ਼ ਹੈ।

ਇਹ ਮਾਮਲਾ ਚੇਨਈ ਦਾ ਹੈ। ਅਗਵਾ ਕੀਤਾ ਗਿਆ ਬੱਚਾ ਅਮਰੀਕਾ ਵਿੱਚ ਰਹਿੰਦਾ ਹੈ। ਕਹਾਣੀ ਇਹ ਹੈ ਕਿ 20 ਸਾਲ ਪਹਿਲਾਂ ਚੇਨਈ ਦੇ ਨਾਗੇਸ਼ਵਰ ਰਾਓ ਅਤੇ ਸ਼ਿਵਗਾਮੀ ਦੇ ਦੋ ਸਾਲਾ ਬੇਟੇ ਅਵਿਨਾਸ਼ ਨੂੰ ਇੱਕ ਆਟੋ ਰਿਕਸ਼ਾ ਵਾਲੇ ਨੇ ਅਗਵਾ ਕਰ ਕੇ ਉਸ ਨੂੰ ਮਲੇਸ਼ੀਆ ਸੋਸ਼ਲ ਸਰਵਿਸ ਨਾਂਅ ਦੀ ਸੰਸਥਾ ਨੂੰ ਵੇਚ ਦਿੱਤਾ ਸੀ। ਇਸ ਸੰਸਥਾ ਨੇ 1999 ਵਿੱਚ ਚੇਨਈ ਦੇ 300 ਤੋਂ ਵੱਧ ਬੇਸਹਾਰਾ ਬੱਚਿਆਂ ਨੂੰ ਨਾਜਾਇਜ਼ ਰੂਪ ਤੋਂ ਵਿਦੇਸ਼ ਭੇਜ ਦਿੱਤਾ ਸੀ। ਇਨ੍ਹਾਂ ਵਿੱਚੋਂ ਕਈ ਬੱਚਿਆਂ ਨੂੰ ਅਮਰੀਕਾ, ਆਸਟਰੇਲੀਆ ਅਤੇ ਨੀਦਰਲੈਂਡ ਭੇਜਿਆ ਗਿਆ, ਜਿਨ੍ਹਾਂ ਵਿੱਚੋਂ ਅਮਰੀਕਾ ਦੇ ਇੱਕ ਜੋੜੇ ਨੇ ਅਵਿਨਾਸ਼ ਨੂੰ ਗੋਦ ਲੈ ਲਿਆ। ਮਾਮਲਾ ਜਾਂਚ ਲਈ ਸੀ ਬੀ ਆਈ ਨੂੰ ਸੌਂਪਿਆ ਗਿਆ। ਸੀ ਬੀ ਆਈ ਨੇ ਪਤਾ ਲਾਇਆ ਕਿ ਅਵਿਨਾਸ਼ ਨੂੰ ਅਮਰੀਕੀ ਜੋੜੇ ਨੇ ਗੋਦ ਲਿਆ ਹੈ। 2009 ਵਿੱਚ ਅਵਿਨਾਸ਼ ਦਾ ਡੀ ਐੱਨ ਏ ਟੈਸਟ ਕਰਾਇਆ ਗਿਆ। ਇਸ ਤੋਂ ਸਾਬਿਤ ਹੋ ਗਿਆ ਕਿ ਅਵਿਨਾਸ਼ ਪੇਂਟਰ ਨਾਗੇਸ਼ਵਰ ਰਾਓ ਦਾ ਬੇਟਾ ਹੈ, ਪਰ ਇੱਕ ਹੋਰ ਅੜਚਨ ਆ ਗਈ। ਅਮਰੀਕੀ ਕਾਨੂੰਨ ਦੇ ਮੁਤਾਬਕ ਗੋਦ ਲੈਣ ਪਿੱਛੋਂ ਬੱਚੇ ਨੂੰ ਉਸ ਦੇ ਦਾਅਵੇਦਾਰ ਨੂੰ ਤਦ ਤੱਕ ਨਹੀਂ ਮਿਲਣ ਦਿੱਤਾ ਜਾਂਦਾ, ਜਦ ਤੱਕ ਉਹ ਬੱਚਾ ਬਾਲਿਗ ਨਾ ਹੋ ਜਾਏ। ਰਾਓ ਜੋੜੇ ਕੋਲ ਇੰਤਜ਼ਾਰ ਕਰਨ ਦੇ ਇਲਾਵਾ ਕੋਈ ਚਾਰਾ ਨਹੀਂ ਸੀ, ਪਰ ਇਸ ਮਹੀਨੇ ਅਵਿਨਾਸ਼ 22 ਸਾਲ ਦਾ ਹੋਇਆ ਤਾਂ ਮਾਂ ਨੂੰ ਮਿਲਣ ਆ ਗਿਆ। ਪੰਜ ਸਤੰਬਰ ਨੂੰ ਜਦ ਮਾਂ ਸ਼ਿਵਗਾਮੀ ਅਤੇ ਪਿਤਾ ਨਾਗੇਸ਼ਵਰ ਰਾਓ ਨੂੰ ਅਵਿਨਾਸ਼ ਮਿਲਿਆ ਤਾਂ ਭਾਵੁਕ ਹੋ ਗਿਆ। ਅਵਿਨਾਸ਼ ਨੂੰ ਮਾਂ ਦੀ ਤਮਿਲ ਭਾਸ਼ਾ ਸਮਝ ਨਹੀਂ ਆ ਰਹੀ ਸੀ ਅਤੇ ਮਾਂ ਨੂੰ ਅਵਿਨਾਸ਼ ਦੀ ਅੰਗਰੇਜ਼ੀ। ਫਿਰ ਵੀ ਦੋਵੇਂ ਖੁਸ਼ ਸਨ। ਮੋਹਨਵਦੀਵੇਲਨ ਨਾਂਅ ਦੇ ਵਿਅਕਤੀ ਨੇ ਮਾਂ-ਬੇਟੇ ਵਿੱਚ ਦੁਭਾਸ਼ੀਏ ਦੇ ਰੂਪ ਵਿੱਚ ਸਹਿਯੋਗ ਕੀਤਾ। ਸ਼ਿਵਗਾਮੀ ਅਤੇ ਨਾਗੇਸ਼ਵਰ ਰਾਓ ਦਾ ਕਹਿਣਾ ਸੀ ਕਿ ਖੁਸ਼ੀ ਵੰਡਣ ਨਾਲ ਵਧਦੀ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਸਾਡਾ ਬੇਟਾ ਹਮੇਸ਼ਾ ਖੁਸ਼ ਰਹੇ, ਚਾਹੇ ਉਹ ਅਮਰੀਕਾ ਵਿੱਚ ਰਹੇ ਜਾਂ ਭਾਰਤ ਵਿੱਚ। ਅਵਿਨਾਸ਼ ਨੇ ਕਿਹਾ, ਮੈਂ ਬਹੁਤ ਕੁਝ ਕਹਿਣਾ ਚਾਹੁੰਦਾ ਹਾਂ, ਪਰ ਫਿਲਹਾਲ ਮੈਂ ਵਾਪਸ ਜਾ ਰਿਹਾ ਹਾਂ। ਵਾਪਸ ਜ਼ਰੂਰ ਆਵਾਂਗਾ। ਅਵਿਨਾਸ਼ ਨੇ ਕਿਹਾ ਕਿ ਮੈਂ ਜਦ ਵਾਪਸ ਆਵਾਂਗਾ ਤਾਂ ਥੋੜ੍ਹੀ ਬਹੁਤ ਤਾਮਿਲ ਸਿਖ ਲਵਾਂਗਾ। ਮੈਂ ਮਾਂ ਨਾਲ ਬਹੁਤ ਗੱਲਾਂ ਕਰਨਾ ਚਾਹੁੰਦਾ ਹਾਂ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਉਨ੍ਹਾਂ ਨੂੰ ਮਿਲ ਕੇ ਕਿੱਦਾਂ ਮਹਿਸੂਸ ਕਰ ਰਿਹਾ ਹਾਂ। ਬਗੈਰ ਕਿਸੇ ਅਨੁਵਾਦ ਦੇ ਮੈਂ ਉਨ੍ਹਾਂ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਮਹਿਸੂਸ ਕੀਤੀਆਂ ਗਈਆਂ ਆਪਣੀਆਂ ਗੱਲਾਂ ਜ਼ਰੂਰ ਦੱਸਾਂਗਾ।

# ਪਰਿਵਾਰ ਨੂੰ ਪੰਜਾਹ ਲੱਖ ਬੀਮਾ ਦਿਵਾਉਣ ਲਈ ਫਾਈਨਾਂਸਰ ਨੇ ਸੁਪਾਰੀ ਦੇ ਕੇ ਆਪਣੀ ਹੱਤਿਆ ਕਰਵਾਈ

ਜੈਪੁਰ, 11 ਸਤੰਬਰ (ਪੋਸਟ ਬਿਊਰੋ)- ਰਾਜਸਥਾਨ ਦੇ ਭੀਲਵਾੜਾ ਜ਼ਿਲ੍ਹੇ ਦੇ ਮੰਗਰੋਪ ਥਾਣਾ ਖੇਤਰ ਵਿੱਚ ਆਰਥਿਕ ਤੰਗੀ ਤੋਂ ਪ੍ਰੇਸ਼ਾਨ ਇੱਕ ਫਾਈਨਾਂਸਰ ਵੱਲੋਂ ਆਪਣੀ ਹੱਤਿਆ ਕਰਾਉਣ ਦਾ ਮਾਮਲਾ ਸਾਹਮਣੇ ਆਇਆ ਹੈ।

ਪੁਲਸ ਦੇ ਅਨੁਸਾਰ ਫਾਈਨਾਂਸਰ ਨੇ ਇਹ ਕਦਮ ਇਸ ਲਈ ਚੁੱਕਿਆ ਕਿ ਬੀਮਾ ਦੇ ਪੰਜਾਹ ਲੱਖ ਰੁਪਏ ਪਰਵਾਰ ਨੂੰ ਮਿਲ ਜਾਣ। ਹੱਤਿਆ ਦੇ ਦੋਸ਼ ਵਿੱਚ ਗ੍ਰਿਫਤਾਰ ਦੋ ਵਿਅਕਤੀਆਂ ਨੇ ਪੁਲਸ ਨੂੰ ਇਹ ਜਾਣਕਾਰੀ ਦਿੱਤੀ ਹੈ। ਪੁਲਸ ਇਹ ਕਹਿੰਦੀ ਹੈ ਕਿ 38 ਸਾਲਾ ਬਲਬੀਰ ਖਾਰੋਲ ਨੇ ਕਈ ਲੋਕਾਂ ਨੂੰ ਕੁੱਲ 20 ਲੱਖ ਰੁਪਏ ਉਧਾਰ ਦਿੱਤੇ ਸਨ। ਉਧਾਰ ਦੀ ਇਹ ਰਕਮ ਉਹ ਵਸੂਲ ਨਹੀਂ ਕਰ ਪਾ ਰਿਹਾ ਸੀ ਅਤੇ ਪਿਛਲੇ ਛੇ ਮਹੀਨਿਆਂ ਤੋਂ ਵਿਆਜ ਅਤੇ ਮੂਲ ਰਕਮ ਨਾ ਮਿਲਣ ਕਾਰਨ ਪ੍ਰੇਸ਼ਾਨ ਸੀ। ਖਾਰੋਲ ਨੇ ਪਿਛਲੇ ਮਹੀਨੇ ਇੱਕ ਨਿੱਜੀ ਬੈਂਕ ਤੋਂ ਆਪਣਾ ਪੰਜਾਹ ਲੱਖ ਰੁਪਏ ਦਾ ਬੀਮਾ ਕਰਾਇਆ ਸੀ ਅਤੇ ਇਸ ਦੀ ਪਹਿਲੀ ਕਿਸ਼ਤ ਚੁਕਾ ਦਿੱਤੀ ਸੀ। ਫਾਈਨਾਂਸਰ ਮ੍ਰਿਤਕ ਬਲਬੀਰ ਖਾਰੋਲ ਨੇ ਆਪਣੀ ਹੱਤਿਆ ਕਰਵਾਉਣ ਦੀ ਸਾਜ਼ਿਸ ਰਚੀ ਤਾਂ ਕਿ ਉਸ ਦੇ ਪਰਵਾਰ ਨੂੰ ਬੀਮਾ ਦੀ ਰਾਸ਼ੀ ਮਿਲ ਜਾਏ। ਉਸ ਨੇ ਰਾਜਵੀਰ ਸਿੰਘ ਅਤੇ ਸੁਨੀਲ ਯਾਦਵ ਨੂੰ 80,000 ਰੁਪਏ ਵਿੱਚ ਆਪਣੀ ਹੱਤਿਆ ਦੀ ਸੁਪਾਰੀ ਦਿੱਤੀ ਸੀ। ਉਨ੍ਹਾਂ ਨੇ ਦੱਸਿਆ ਕਿ ਦੋਸ਼ੀਆਂ ਨੇ ਦੋ ਸਤੰਬਰ ਦੀ ਰਾਤ ਮੰਗਰੋਪ ਪੁਲਸ ਥਾਣਾ ਖੇਤਰ ਵਿੱਚ ਗਲਾ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ। ਪੁਲਸ ਨੇ ਖਾਰੋਲ ਦੇ ਮੋਬਾਈਲ ਦੀ ਕਾਲ ਡਿਟੇਲ ਅਤੇ ਸੀ ਸੀ ਟੀ ਵੀ ਫੁਟੇਜ ਨਾਲ ਦੋਸੀਆਂ ਨੂੰ ਗ੍ਰਿਫਤਾਰ ਕਰਨ ਪਿੱਛੋਂ ਦੱਸਿਆ ਕਿ ਬਲਬੀਰ ਨੇ ਦੋਵਾਂ ਦੋਸ਼ੀਆਂ ਨੂੰ ਆਪਣੀ ਹੱਤਿਆ ਕਰਨ ਲਈ ਕਿਹਾ ਸੀ ਤਾਂ ਕਿ ਪਰਵਾਰ ਨੂੰ ਬੀਮਾ ਰਾਸ਼ੀ ਮਿਲ ਸਕੇ। ਸ਼ੁਰੂ ਵਿੱਚ ਬਲਬੀਰ ਹਾਦਸੇ ਵਿੱਚ ਖੁਦਕੁਸ਼ੀ ਬਾਰੇ ਸੋਚ ਰਿਹਾ ਸੀ, ਪਰ ਉਸ ਨੂੰ ਡਰ ਸੀ ਕਿ ਹਾਦਸੇ ਵਿੱਚ ਉਸ ਦੀ ਮੌਤ ਹੋਵੇਗੀ ਜਾਂ ਨਹੀਂ, ਜਿਸ ਦੇ ਬਾਅਦ ਉਸ ਨੇ ਖੁਦ ਦੀ ਹੱਤਿਆ ਕਰਾਉਣ ਦੀ ਸਾਜ਼ਿਸ਼ ਰਚੀ।

# ਚੀਨ ਨਾਲ ਵਧਦਾ ਕਾਰੋਬਾਰੀ ਘਾਟਾ ਭਾਰਤ ਲਈ ਚਿੰਤਾ ਦਾ ਵਿਸ਼ਾ

ਨਵੀਂ ਦਿੱਲੀ, 11 ਸਤੰਬਰ (ਪੋਸਟ ਬਿਊਰੋ)- ਚੀਨ ਦੇ ਨਾਲ ਵਧਦੇ ਕਾਰੋਬਾਰ ਘਾਟੇ ਅਤੇ ਚੀਨ ਵੱਲੋਂ ਇਸ ਸਬੰਧੀ ਮਦਦ ਨਾ ਕਰਨ ਦੇ ਸਲੂਕ ਉਤੇ ਭਾਰਤ ਨੇ ਬੇਹੱਦ ਚਿੰਤਾ ਪ੍ਰਗਟਾਈ ਹੈ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਸਿੰਗਾਪੁਰ ਵਿੱਚ ਇਕ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਚਿੰਤਾ ਨੂੰ ਬਿਨਾਂ ਕਿਸੇ ਦਬਾਅ ਦੇ ਸਾਹਮਣੇ ਰੱਖਿਆ। ਉਨ੍ਹਾਂ ਕਿਹਾ ਕਿ ਚੀਨ ਦੀਆਂ ਨੀਤੀਆਂ ਕਾਰਨ ਭਾਰਤ ਦੇ ਨਾਲ ਉਸ ਦਾ ਵਪਾਰ ਘਾਟਾ ਵਧਦਾ ਜਾ ਰਿਹਾ ਹੈ। ਇਸ ਦੌਰਾਨ ਨਵੀਂ ਦਿੱਲੀ ਵਿੱਚ ਭਾਰਤ ਚੀਨ ਆਰਥਿਕ ਗੱਲਬਾਤ ਦੀ ਬੀਤੇ ਦਿਨੀਂ ਸ਼ੁਰੂਆਤ ਹੋਈ ਤੇ ਇਸ ਵਿੱਚ ਨੀਤੀ ਕਮਿਸ਼ਨ ਦੇ ਉਪ ਪ੍ਰਧਾਨ ਰਾਜੀਵ ਕੁਮਾਰ ਨੇ ਵਪਾਰ ਘਾਟੇ ਨੂੰ ਦੋ ਪੱਖੀ ਕਾਰੋਬਾਰ ਨੂੰ ਅੱਗੇ ਵਧਾਉਣ ਦੇ ਰਾਹ ਦੀ ਵੱਡੀ ਰੁਕਾਵਟ ਆਖਿਆ ਹੈ। ਉਨ੍ਹਾਂ ਨੇ ਚੀਨ ਨੂੰ ਅਪੀਲ ਕੀਤੀ ਕਿ ਸਮਾਂ ਆ ਗਿਆ ਹੈ ਕਿ ਘਾਟਾ ਘਟਾਉਣ ਲਈ ਆਪਣੇ ਵੱਲੋਂ ਠੋਸ ਕਦਮ ਚੁੱਕੇ ਜਾਣ। ਚੀਨ ਨਾਲ ਭਾਰਤ ਦਾ ਵਪਾਰ ਘਾਟਾ (ਭਾਰਤ ਨੂੰ



ਹੋਣ ਵਾਲੀ ਇੰਪੋਰਟ ਅਤੇ ਐਕਸਪੋਰਟ ਦਾ ਫਰਕ) ਅਜੇ 57 ਅਰਬ ਡਾਲਰ ਹੈ ਤੇ ਪਿਛਲੇ ਸਾਲ ਦੌਰਾਨ ਇਹ 52 ਅਰਬ ਡਾਲਰ ਸੀ। ਇਸ ਲਈ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਭਾਰਤ ਤੋਂ ਚੀਨ ਨੂੰ ਹੋਣ ਵਾਲੀ ਇੰਪੋਰਟ ਵਿੱਚ ਵਾਧਾ ਨਹੀਂ ਹੋ ਰਿਹਾ। ਇਸ ਬਾਰੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਨੇ ਕਿਹਾ ਕਿ ਚੀਨ ਇਕ ਤਰ੍ਹਾਂ ਭਾਰਤੀ ਉਤਪਾਦਾਂ ਦੇ ਨਾਲ ਹੀ ਪੱਖਪਾਤੀ ਰਵੱਈਆ ਕਰਦਾ ਹੈ। ਇਹੀ ਕਾਰਨ ਹੈ ਕਿ ਵਪਾਰ ਘਾਟਾ ਪੂਰੀ ਤਰ੍ਹਾਂ ਨਾਲ ਚੀਨ ਦੇ ਪੱਖ ਵਿੱਚ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹੀ ਕਾਰਨ ਹੈ ਕਿ ਭਾਰਤ 10 ਆਸਿਆਨ ਦੇਸ਼ਾਂ ਅਤੇ ਉਨ੍ਹਾਂ ਦੇ ਛੇ ਸਾਂਝੇਦਾਰ ਦੇਸ਼ਾਂ ਦੇ ਪ੍ਰਸਤਾਵਤ ਖੇਤਰ ਆਰਥਿਕ ਸਾਂਝੇਦਾਰੀ (ਆਰਸੇਪ) ਬਾਰੇ ਕਾਫੀ ਚਿੰਤਾ ਹੈ। ਅਰਸੇਪ ਆਸਿਆਨ (ਬ੍ਰੁਨੇਰਈ, ਕੰਬੋਡੀਆ, ਥਾਈਲੈਂਡ, ਇੰਡੋਨੇਸ਼ੀਆ, ਫਿਲੀਪੀਂਸ, ਸਿੰਗਾਪੁਰ, ਮਲੇਸ਼ੀਆ, ਮਿਆਂਮਾਰ, ਲਾਓਸ, ਵਿਆਤਨਾਮ) ਅਤੇ ਹੋਰਨਾਂ ਸਾਂਝੇਦਾਰ ਦੇਸ਼ਾਂ (ਚੀਨ, ਜਾਪਾਨ, ਆਸਟਰੇਲੀਆ, ਭਾਰਤ, ਦੱਖਣੀ ਕੋਰੀਆ ਤੇ ਨਿਊਜ਼ੀਲੈਂਡ) ਵਿਚਾਲੇ ਮੁਕਤ ਵਪਾਰ ਸਮਝੌਤੇ ਲਈ ਅੱਗੇ ਵਧਾਇਆ ਜਾ ਰਿਹਾ ਹੈ। ਜੈਸ਼ੰਕਰ ਨੇ ਕਿਹਾ ਕਿ ਭਾਰਤ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਇਹ ਆਰਸੇਪ ਤੋਂ ਬਾਅਦ ਡਿਊਟੀ ਵਿੱਚ ਹੋਰ ਕਟੌਤੀ ਕਰਨੀ ਹੋਵੇਗੀ, ਜਿਸ ਕਾਰਨ ਉਸ ਦੇ ਬਾਜ਼ਾਰ ਵਿੱਚ ਸਸਤੇ ਚੀਨ ਉਤਪਾਦ ਭਰ ਜਾਣਗੇ। ਆਰਸੇਪ ਬਾਰੇ ਭਾਰਤ ਦਾ ਘਰੇਲੂ ਉਦਯੋਗ ਵੀ ਚਿੰਤਤ ਹੈ। ਚਮੜਾ, ਕੱਪੜਾ, ਧਾਤੂ, ਇਲੈਕਟ੍ਰਾਨਿਕਸ, ਰਸਾਇਣ ਦੇ ਕਈ ਉਦਯੋਗਾਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਮੌਜੂਦਾ ਹਾਲਾਤ ਵਿੱਚ ਆਰਸੇਪ ਵਿੱਚ ਸ਼ਾਮਲ ਹੋਣ ਦੀ ਸਹਿਮਤੀ ਨਾ ਦੇਣ। ਇਹ ਘਰੇਲੂ ਉਦਯੋਗਾਂ ਲਈ ਬੇਹੱਦ ਖਤਰਨਾਕ ਸਾਬਤ ਹੋ ਸਕਦਾ ਹੈ।

## ਭਾਰਤ ਮੇਰੇ ਪਿਤਾ ਦੇ ਕਾਤਲ ਨੂੰ ਸ਼ਰਨ ਨਾ ਦੇਵੇ: ਅਜੇ ਸਿੰਘ

ਅੰਮ੍ਰਿਤਸਰ, 11 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਦੇ ਘੱਟ ਗਿਣਤੀ ਮੰਤਰੀ ਤੇ ਮੁੱਖ ਮੰਤਰੀ ਦੇ ਸਲਾਹਕਾਰ ਐਮ ਪੀ ਏ ਡਾ. ਸੋਰਨ ਸਿੰਘ ਦੇ ਕਤਲ ਕੇਸ ਵਿੱਚ ਨਾਮਜ਼ਦ ਬਲਦੇਵ ਕੁਮਾਰ ਨੂੰ ਭਗੌੜਾ ਕਰਾਰ ਦਿੰਦਿਆਂ ਪਾਕਿਸਤਾਨੀ ਸਿੱਖ ਭਾਈਚਾਰੇ ਨੇ ਉਸ ਨੂੰ ਵਾਪਸ ਪਾਕਿਸਤਾਨ ਭੇਜਣ ਦੀ ਮੰਗ ਕੀਤੀ ਹੈ।

ਇਸ ਸੰਬੰਧ ਵਿੱਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਸਵਰਗੀ ਡਾ. ਸੂਰਨ ਸਿੰਘ ਦੇ ਪੁੱਤਰ ਅਜੇ ਸਿੰਘ ਨੇ ਕੱਲ੍ਹ ਇਹ ਦਾਅਵਾ ਕੀਤਾ ਕਿ ਸਿੱਖੀ ਰੂਪ ਧਰਨ ਕਰਕੇ ਆਪਣੇ ਪਰਵਾਰ ਸਮੇਤ ਭਾਰਤੀ ਪੰਜਾਬ ਦੇ ਖੰਨਾ ਸ਼ਹਿਰ 'ਚ ਪਹੁੰਚੇ ਬਲਦੇਵ ਕੁਮਾਰ ਦੇ ਵਿਰੁੱਧ ਹਾਈ ਕੋਰਟ 'ਚ ਅਜੇ ਵੀ ਕੇਸ ਚੱਲ ਰਿਹਾ ਹੈ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਪਾਕਿਸਤਾਨੀ ਸਿੱਖ ਆਗੂ ਦੇ ਕਤਲ ਦੇ ਦੋਸ਼ੀ ਅਤੇ ਉਸ ਦੇ ਪਰਵਾਰ ਨੂੰ ਸ਼ਰਨ ਨਾ ਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀ ਟੀ ਆਈ) ਵੱਲੋਂ ਮੈਂਬਰ ਸੂਬਾਈ ਅਸੈਂਬਲੀ ਲਈ ਜਾਰੀ ਕੀਤੀ ਘੱਟ ਗਿਣਤੀ ਭਾਈਚਾਰੇ ਦੇ ਉਮੀਦਵਾਰਾਂ ਦੀ ਪਹਿਲ ਸੂਚੀ 'ਚ ਉਸ ਦੇ ਪਿਤਾ ਦੇ ਬਾਅਦ ਦੂਜੇ ਨੰਬਰ 'ਤੇ ਬਲਦੇਵ ਕੁਮਾਰ ਨੂੰ ਰੱਖਿਆ ਗਿਆ ਸੀ, ਪਰ ਡਾ: ਸੋਰਨ ਸਿੰਘ ਦੇ ਕਤਲ ਪਿੱਛੋਂ ਬਲਦੇਵ ਕੁਮਾਰ ਨੂੰ ਟਿਕਟ ਦੇਣ ਦੀ ਕਾਰਵਾਈ ਨੂੰ ਮੰਦ ਭਾਗਾ ਦੱਸਦਿਆਂ ਪਾਕਿ ਦੇ ਹਿੰਦੂ-ਸਿੱਖ ਭਾਈਚਾਰੇ ਨੇ ਸਾਫ ਕਰ ਦਿੱਤਾ ਸੀ ਕਿ ਉਹ ਡਾ. ਸੋਰਨ ਸਿੰਘ ਦੇ ਕਾਤਲ ਨੂੰ ਕਦੇ ਐਮ ਪੀ ਏ ਵਜੋਂ ਸਵੀਕਾਰ ਨਹੀਂ ਕਰਨਗੇ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਜਾਣ 'ਤੇ ਬਲਦੇਵ ਕੁਮਾਰ ਨੇ ਖੁਦ ਮੰਨਿਆ ਸੀ ਕਿ ਉਸ ਨੇ 10 ਹਜ਼ਾਰ ਡਾਲਰ ਦੀ ਸੁਪਾਰੀ ਦੇ ਕੇ ਡਾ. ਸੋਰਨ ਸਿੰਘ ਦੀ 22 ਅਪ੍ਰੈਲ 2016 ਨੂੰ ਹੱਤਿਆ ਕਰਵਾਈ ਸੀ। ਦੋ ਸਾਲ ਦੀ ਜੇਲ੍ਹ ਦੀ ਸਜ਼ਾ ਪਿੱਛੋਂ ਉਸ ਨੂੰ ਪਿਸ਼ਾਵਰ ਦੀ ਅੱਤਵਾਦ ਵਿਰੋਧੀ ਅਦਾਲਤ ਵੱਲੋਂ ਸਬੂਤਾਂ ਦੀ ਘਾਟ ਕਾਰਨ ਰਿਹਾਅ ਕਰ ਦਿੱਤਾ ਸੀ।

### ਪਾਕਿ ਦਾ ਮੰਤਰੀ ਕਹਿੰਦੇ

## ਭਾਰਤ ਦੇ ਧਮਕਾਉਣ 'ਤੇ ਸ੍ਰੀਲੰਕਾ ਕ੍ਰਿਕਟ ਟੀਮ ਦੇ ਖਿਡਾਰੀਆਂ ਨੇ ਦੌਰਾ ਰੱਦ ਕੀਤਾ

ਅੰਮ੍ਰਿਤਸਰ, 11 ਸਤੰਬਰ (ਪੋਸਟ ਬਿਊਰੋ)- ਸ੍ਰੀਲੰਕਾ ਦੇ ਕ੍ਰਿਕਟ ਖਿਡਾਰੀਆਂ ਨੇ ਸੁਰੱਖਿਆ ਕਾਰਨਾਂ ਕਰਕੇ ਪਾਕਿਸਤਾਨ ਦੌਰਾ ਰੱਦ ਕਰ ਦਿੱਤਾ ਤਾਂ ਇਸ ਤੋਂ ਬੌਖਲਾਏ ਪਾਕਿਸਤਾਨ ਨੇ ਇਸ ਲਈ ਵੀ ਭਾਰਤ ਨੂੰ ਦੋਸ਼ ਦਿੱਤਾ ਹੈ।



ਪਾਕਿਸਤਾਨ ਦੇ ਵਿਗਿਆਨ ਤੇ ਤਕਨਾਲੋਜੀ ਮੰਤਰੀ ਚੌਧਰੀ ਫਵਾਦ ਹੁਸੈਨ ਨੇ ਭਾਰਤ 'ਤੇ ਸ੍ਰੀਲੰਕਾ ਦੇ ਖਿਡਾਰੀਆਂ ਨੂੰ ਧਮਕਾਉਣ ਦਾ ਦੋਸ਼ ਲਾਇਆ ਹੈ। ਫਵਾਦ ਨੇ ਟਵੀਟ 'ਚ ਦਾਅਵਾ ਕੀਤਾ ਕਿ ਕੁਝ ਜਾਣਕਾਰ ਖੇਡ ਟਿੱਪਣੀਕਾਰਾਂ ਨੇ ਉਸ ਨੂੰ ਦੱਸਿਆ ਕਿ ਭਾਰਤ ਨੇ ਸ੍ਰੀਲੰਕਾ ਦੇ ਖਿਡਾਰੀਆਂ ਨੂੰ ਆਈ ਪੀ ਐਲ ਕ੍ਰਿਕਟ ਦਾ ਸਮਝੌਤਾ ਰੱਦ ਕਰਨ ਦੀ ਧਮਕੀ ਦੇ ਦਿੱਤੀ ਤਾਂ ਇਸ ਤੋਂ ਬਾਅਦ ਉਨ੍ਹਾਂ ਪਾਕਿਸਤਾਨ ਆਉਣ ਤੋਂ ਇਨਕਾਰ ਕਰ ਦਿੱਤਾ ਹੈ। ਫਵਾਦ ਨੇ ਦੋਸ਼ ਲਾਇਆ ਕਿ ਭਾਰਤ ਵਿੱਚ ਖੇਡਾਂ ਤੋਂ ਲੈ ਕੇ ਪੁਲਾੜ ਤੱਕ ਕੱਟੜ ਰਾਸ਼ਟਰਵਾਦ ਦਾ ਬੋਲਬਾਲਾ ਹੈ।

ਪਤਾ ਲੱਗਾ ਹੈ ਕਿ ਸ੍ਰੀਲੰਕਾ ਕ੍ਰਿਕਟ ਟੀਮ ਦੇ 10 ਖਿਡਾਰੀਆਂ ਨੇ ਪਾਕਿਸਤਾਨ ਦੌਰੇ ਤੋਂ ਨਾਂਅ ਵਾਪਸ ਲੈ ਲਏ ਹਨ। ਸ੍ਰੀਲੰਕਾ ਨੇ ਸਤੰਬਰ ਅਕਤੂਬਰ 'ਚ ਪਾਕਿਸਤਾਨ 'ਚ ਸੀਮਤ ਓਵਰਾਂ ਦੀ ਲੜੀ ਖੇਡਣੀ ਹੈ। ਪਾਕਿਸਤਾਨ ਦੌਰੇ ਤੋਂ ਪਿੱਛੇ ਹਟ ਗਏ ਖਿਡਾਰੀਆਂ 'ਚ ਇਕ ਦਿਨਾ ਟੀਮ ਦੇ ਕਪਤਾਨ ਦਿਮੁਥ ਕਰੁਣਾਰਤਨੇ, ਟੀ-20 ਦੇ ਕਪਤਾਨ ਲਸਿਥ ਮਲਿੰਗਾ, ਸਾਬਕਾ ਕਪਤਾਨ ਐਂਜਲੋ ਮੈਥਯੂਜ਼, ਨਿਰੋਸ਼ਨ ਡਿਕਵੇਲਾ, ਕੁਸਲ ਪਰੇਰਾ, ਧੰਨਜੈ ਡੀ. ਸਿਲਵਾ, ਅਕੀਲਾ ਧਨੰਜੈ, ਸੁਰੰਗਾ ਲਕਮਲ, ਦਿਨੇਸ਼ ਚੰਡੀਮਲ ਦੇ ਨਾਂਅ ਸ਼ਾਮਲ ਹਨ। ਵਰਨਣ ਯੋਗ ਹੈ ਕਿ ਸ੍ਰੀਲੰਕਾ ਦੀ ਕ੍ਰਿਕਟ ਟੀਮ ਉਤੇ ਪਾਕਿਸਤਾਨ 'ਚ 2009 'ਚ ਅੱਤਵਾਦੀ ਹਮਲਾ ਹੋਇਆ ਸੀ। ਉਸ ਤੋਂ ਬਾਅਦ ਬਹੁਤੀਆਂ ਕ੍ਰਿਕਟ ਟੀਮਾਂ ਪਾਕਿਸਤਾਨ ਦਾ ਦੌਰਾ ਕਰਨ ਤੋਂ ਪ੍ਰਹੇਜ਼ ਕਰਦੀਆਂ ਆ ਰਹੀਆਂ ਹਨ। ਇਸ ਵਾਰ ਜਦੋਂ ਸ੍ਰੀਲੰਕਾ ਕ੍ਰਿਕਟ ਬੋਰਡ ਆਪਣੀ ਟੀਮ ਨੂੰ ਪਾਕਿਸਤਾਨ ਭੇਜਣ ਲਈ ਸਹਿਮਤ ਹੋਇਆ ਤਾਂ ਉਨ੍ਹਾਂ ਦੇ ਖਿਡਾਰੀਆਂ ਨੇ ਹੀ ਜਾਣ ਤੋਂ ਇਨਕਾਰ ਕਰ ਦਿੱਤਾ।

## ਅਲਹਾਂਬਰਾ ਗੁਰਦੁਆਰੇ ਵਾਲੇ ਥਾਂ ਵਪਾਰਕ ਕੰਪਲੈਕਸ ਦੀ ਤਿਆਰੀ

ਅਲਹਾਂਬਰਾ, 11 ਸਤੰਬਰ (ਪੋਸਟ ਬਿਊਰੋ)- ਅਲਹਾਂਬਰਾ (ਕੈਲੀਫੋਰਨੀਆ) 'ਚ ਗੁਰਦੁਆਰਾ ਸਾਹਿਬ ਦੀ ਸਥਾਪਨਾ 43 ਸਾਲ ਪਹਿਲਾਂ ਹੋਈ ਸੀ ਅਤੇ 15 ਸਾਲ ਪਹਿਲਾਂ ਇਸ ਗੁਰੂ ਘਰ ਨੂੰ 60 ਫਰੀਵੇਅ ਨੇੜੇ ਤਬਦੀਲ ਕਰ ਦਿੱਤਾ ਗਿਆ ਸੀ, ਪਰ ਸੰਗਤ ਦੇ ਜ਼ੋਰ ਪਾਉਣ ਉਤੇ 2015 ਵਿੱਚ ਗੁਰੂ ਘਰ ਫਿਰ ਪਹਿਲਾਂ ਵਾਲੇ ਸਥਾਨ 'ਤੇ ਆ ਗਿਆ ਸੀ। ਇਸ ਦੀ ਜ਼ਮੀਨ ਦਾ ਅਜੋਕਾ ਮਾਲਕ ਹੈਰਾਲਡ ਲਾਊ ਹੈ, ਜਿਸ ਕੋਲੋਂ ਪ੍ਰਤੀ ਮਹੀਨਾ ਹਿਸਾਬ ਨਾਲ ਪਟੇ ਉਪਰ ਇਹ ਜ਼ਮੀਨ ਗੁਰਦੁਆਰੇ ਵਾਸਤੇ ਲਈ ਗਈ ਸੀ। ਸੰਗਤਾਂ ਓਦੋਂ ਹੈਰਾਨ ਰਹਿ ਗਈਆਂ ਜਦੋਂ ਪਤਾ ਲੱਗਾ ਕਿ ਜ਼ਮੀਨ ਦਾ ਮਾਲਕ ਇਸ ਸਥਾਨ ਉੱਤੇ ਵਪਾਰਕ ਤੇ ਹਾਊਸਿੰਗ ਕੰਪਲੈਕਸ ਬਣਾਉਣਾ ਚਾਹੁੰਦਾ ਹੈ, ਜਿਸ ਕਾਰਨ ਗੁਰੂ ਘਰ ਨੂੰ ਢਾਹ ਦੇਣ ਦੀ ਸੰਭਾਵਨਾ ਬਣੀ ਹੋਈ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੰਤੋਖ ਸਿੰਘ ਨੇ ਇਸ ਸਬੰਧੀ ਕਿਹਾ ਕਿ ਅਸੀਂ ਗੁਰੂ ਘਰ ਨਾਲ ਜੁੜੀ ਸੰਗਤ 'ਚ ਖਲਬਲੀ ਨਹੀਂ ਮਚਾਉਣਾ ਚਾਹੁੰਦੇ, ਪ੍ਰੰਤੂ ਸਾਡੇ ਕੋਲ ਕੋਈ ਦੂਸਰਾ ਬਦਲ ਲੱਭਣ ਬਿਨਾਂ ਕੋਈ ਚਾਰਾ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਕੰਪਲੈਕਸ ਬਣਾਉਣ ਬਾਰੇ ਸੁਣਵਾਈ ਅਲਹਾਂਬਰਾ ਸਿਟੀ ਪੈਲਨਿੰਗ ਕਮਿਸ਼ਨ ਨੇ 17 ਜੂਨ ਨੂੰ ਕੀਤੀ ਸੀ। ਪਲੈਨਿੰਗ ਕਮਿਸ਼ਨ ਨੇ ਲਾਉ ਦੇ ਪ੍ਰਾਜੈਕਟ ਨੂੰ ਅੱਠ ਦੇ ਮੁਕਾਬਲੇ ਦੋ ਵੋਟਾਂ ਨਾਲ ਪ੍ਰਵਾਨਗੀ ਦੇ ਦਿੱਤੀ ਸੀ, ਪਰ ਗੁਰਦੁਆਰਾ ਪ੍ਰਬੰਧਕਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ। ਬਾਅਦ ਵਿੱਚ 26 ਜੂਨ ਨੂੰ ਗੁਰਦੁਆਰਾ ਸਾਹਿਬ ਦੇ ਗੇਟ ਤੋਂ ਕੁਝ ਦੂਰ ਇਕ ਰੁੱਖ ਉੱਤੇ ਨੋਟਿਸ ਚਿਪਕਾਇਆ ਮਿਲਿਆ, ਜਿਸ ਵਿੱਚ ਵੋਟਾਂ ਪੈਣ ਦੀ ਗੱਲ ਕਹੀ ਗਈ ਸੀ, ਪਰ ਇਸ ਸਮੇਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਉਨ੍ਹਾਂ ਕਿਹਾ ਕਿ ਕਈ ਵਾਰ ਮਾਲਕ ਨਾਲ ਜ਼ਮੀਨ ਖਰੀਦਣ ਬਾਰੇ ਗੱਲ ਕੀਤੀ ਗਈ, ਪਰ ਉਸ ਨੇ ਵੇਚਣ ਤੋਂ ਨਾਂਹ ਕਰ ਦਿੱਤੀ। ਉਸ ਦਾ ਕਹਿਣਾ ਸੀ ਕਿ ਜ਼ਮੀਨ ਬੜੀ ਮਹਿੰਗੀ ਹੈ ਤੁਹਾਡੇ ਵੱਸ ਦੀ ਗੱਲ ਨਹੀਂ ਹੈ। ਇਕ ਅੰਦਾਜ਼ੇ ਅਨੁਸਾਰ ਜ਼ਮੀਨ ਦੀ ਕੀਮਤ 10 ਲੱਖ ਡਾਲਰ ਦੇ ਕਰੀਬ ਹੈ।

## ਮੱਧ-ਕਾਲੀ ਚੋਣਾਂ ਲਈ ਮੰਗ ਦਾ ਮਤਾ ਬ੍ਰਿਟਿਸ਼ ਪਾਰਲੀਮੈਂਟ ਵਿੱਚ ਮੁੜ ਡਿੱਗਾ

ਲੰਡਨ, 11 ਸਤੰਬਰ (ਪੋਸਟ ਬਿਊਰੋ)- ਸਿਆਸੀ ਸੰਕਟ 'ਚ ਘਿਰੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੂੰ ਮੱਧ-ਕਾਲੀ ਚੋਣਾਂ ਕਰਾਉਣ ਦੀ ਮੰਗ 'ਤੇ ਪਾਰਲੀਮੈਂਟ 'ਚ ਫਿਰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਝਟਕੇ ਦੇ ਬਾਵਜੂਦ ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਬ੍ਰੈਗਜ਼ਿਟ ਸਮਝੌਤੇ ਲਈ ਯਤਨ ਕਰਨਾ ਜਾਰੀ ਰੱਖਣਗੇ।



ਪਾਰਲੀਮੈਂਟ ਦੀ ਕਾਰਵਾਈ ਮੁਲਤਵੀ ਹੋਣ ਤੋਂ ਪਹਿਲਾਂ ਦੇਰ ਰਾਤ ਤੱਕ ਚੱਲੀ ਬਹਿਸ ਮਗਰੋਂ ਹੋਏ ਮਤਦਾਨ ਵਿੱਚ ਮੱਧ-ਕਾਲੀ ਚੋਣਾਂ ਦੀ ਮੰਗ ਵਾਲਾ ਮਤਾ ਡਿੱਗ ਗਿਆ। ਆਪਣਾ ਮਤਾ ਡਿੱਗਣ 'ਤੇ ਜੌਨਸਨ ਨੇ ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰਾਂ 'ਤੇ ਨਾਰਾਜ਼ਗੀ ਜ਼ਾਹਰ ਕੀਤੀ। ਇਸ ਪਿੱਛੋਂ ਪਾਰਲੀਮੈਂਟ ਦੀ ਕਾਰਵਾਈ 14 ਅਕਤੂਬਰ ਤੱਕ ਲਈ ਮੁਲਤਵੀ ਕਰ ਦਿੱਤੀ ਗਈ। ਇਸ ਉੱਤੇ ਵਿਰੋਧੀ ਧਿਰ ਦੇ ਕਈ ਪਾਰਲੀਮੈਂਟ ਮੈਂਬਰਾਂ ਨੇ ਨਾਅਰੇਬਾਜ਼ੀ ਕਰਕੇ ਆਪਣਾ ਵਿਰੋਧ ਜ਼ਾਹਰ ਕੀਤਾ। ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਮਹਾਰਾਣੀ ਐਲਿਜ਼ਾਬੈਥ-2 ਤੋਂ ਪਾਰਲੀਮੈਂਟ ਨੂੰ ਸਸਪੈਂਡ ਕਰਨ ਦੀ ਮੰਗ ਕੀਤੀ ਸੀ। ਜੌਨਸਨ ਨੇ ਕਿਹਾ, 'ਮੈਂ ਅਗਲੇ ਮਹੀਨੇ ਬਰੱਸਲਜ਼ 'ਚ ਹੋਣ ਵਾਲੇ ਸੰਮੇਲਨ 'ਚ ਸਮਝੌਤੇ ਦਾ ਯਤਨ ਕਰਾਂਗਾ।

ਉਤਰੀ ਆਇਰਲੈਂਡ ਦੀ ਡੈਮੋਕ੍ਰੇਟਿਕ ਯੂਨੀਅਨ ਪਾਰਟੀ ਦੀ ਆਗੂ ਅਰਲੀਨ ਫੋਸਟਰ ਨੂੰ ਉਨ੍ਹਾਂ ਅਫਵਾਹਾਂ ਵਿਚਾਲੇ ਮਿਲਣ ਵਾਲੇ ਜੌਨਸਨ ਬਾਰੇ ਸਮਝਿਆ ਜਾਂਦਾ ਹੈ ਕਿ ਉਹ ਬ੍ਰੈਗਜ਼ਿਟ ਤੋਂ ਬਾਅਦ ਆਇਰਲੈਂਡ ਦੀ ਸਰਹੱਦ ਤੇ ਕਾਰੋਬਾਰ ਦੇ ਮਸਲੇ 'ਤੇ ਨਰਮ ਰੁਖ਼ ਅਪਣਾ ਸਕਦੇ ਹਨ। ਫੋਸਟਰ ਦੀ ਪਾਰਟੀ ਚਾਹੁੰਦੀ ਹੈ ਕਿ ਉਤਰੀ ਆਇਰਲੈਂਡ ਬ੍ਰਿਟੇਨ ਦੇ ਨਾਲ ਰਹੇ। ਪਾਰਟੀ ਨੇ ਜੌਨਸਨ ਨੂੰ ਸਾਵਧਾਨ ਵੀ ਕੀਤਾ ਹੈ ਕਿ ਉਨ੍ਹਾਂ ਦੇ ਖੇਤਰ ਗੱਲਬਾਤ 'ਚ ਕੋਈ ਤਿਆਗ ਨਹੀਂ ਕਰੇਗਾ।

## ਵਿਗਿਆਨੀਆਂ ਨੇ ਉਮਰ ਦੇ ਨਾਲ ਵਜ਼ਨ ਵਧਣ ਦਾ ਕਾਰਨ ਲੱਭਿਆ

ਸਵੀਡਨ, 11 ਸਤੰਬਰ (ਪੋਸਟ ਬਿਊਰੋ)- ਸਵੀਡਨ ਦੇ ਵਿਗਿਆਨੀਆਂ ਨੇ ਉਮਰ ਵਧਣ ਦੇ ਨਾਲ ਵਜ਼ਨ ਵਧਣ ਦਾ ਕਾਰਨ ਲੱਭਿਆ ਹੈ। ਉਨ੍ਹਾਂ ਨੇ ਔਸਤਨ 13 ਸਾਲ ਤੱਕ 54 ਪੁਰਸ਼ਾਂ ਅਤੇ ਮਹਿਲਾਵਾਂ ਦੇ ਸੈੱਲਾਂ 'ਤੇ ਸਰਵੇ ਕੀਤਾ ਤਾ ਪਾਇਆ ਕਿ ਵਧਦੀ ਉਮਰ ਨਾਲ ਇਨ੍ਹਾਂ ਲੋਕਾਂ ਦੇ ਟਿਸ਼ੂ ਦਾ ਲਿਪਿਡ ਟਰਨਓਵਰ ਲਗਾਤਾਰ ਘੱਟ ਹੁੰਦਾ ਗਿਆ। ਅਜਿਹੇ ਵਿੱਚ ਜਿਨ੍ਹਾਂ ਲੋਕਾਂ ਨੇ ਸਮੇਂ ਨਾਲ ਖਾਣ ਵਿੱਚ ਕੈਲੋਰੀ ਦੀ ਮਾਤਰਾ ਘੱਟ ਨਹੀਂ ਕੀਤੀ ਉਨ੍ਹਾਂ ਵਜ਼ਨ ਔਸਤਨ 20 ਫੀਸਦੀ ਜ਼ਿਆਦਾ ਵਧ ਗਿਆ। ਪ੍ਰੋਫੈਸਰ ਪੀਟਰ ਆਰਨਰ ਨੇ ਕਿਹਾ ਕਿ ਇਨ੍ਹਾਂ ਨਤੀਜਿਆਂ ਤੋਂ ਪਹਿਲੀ ਵਾਰ ਸਾਹਮਣੇ ਆਇਆ ਹੈ ਕਿ ਸਾਡੇ ਟਿਸ਼ੂਜ਼ ਵਿੱਚ ਹੋਣ ਵਾਲੀ ਪ੍ਰਕਿਰਿਆ ਤੈਅ ਕਰਦੀ ਹੈ ਕਿ ਵਧਦੀ ਉਮਰ ਦੇ ਨਾਲ ਸਾਡਾ ਵਜ਼ਨ ਕਿਸ ਤਰ੍ਹਾਂ ਵਧੇਗਾ। ਇਸ ਨਾਲ ਮੋਟਾਪੇ ਦੇ ਇਲਾਜ ਦਾ ਨਵਾਂ ਰਸਤਾ ਖੁੱਲ੍ਹ ਸਕਦਾ ਹੈ।

## ਦੁਨੀਆ ਵਿੱਚ ਹਰ ਸਾਲ ਅੱਠ ਲੱਖ ਲੋਕ ਕਰ ਰਹੇ ਹਨ ਖੁਦਕੁਸ਼ੀ

ਰੋਮ, 11 ਸਤੰਬਰ (ਪੋਸਟ ਬਿਊਰੋ)- ਦੁਨੀਆ ਵਿੱਚ ਸ਼ਾਇਦ ਹੀ ਕੋਈ ਦੇਸ਼ ਹੈ, ਜਿੱਥੇ ਕੋਈ ਖੁਦਕੁਸ਼ੀ ਨਾ ਕਰਦਾ ਹੋਵੇ, ਪਰ ਖੁਦਕੁਸ਼ੀ ਕਰਨਾ ਜਿੱਥੇ ਗੈਰ ਕਾਨੂੰਨੀ ਹੈ, ਉਥੇ ਕੁਦਰਤ ਨੂੰ ਨਕਾਰਨ ਵਾਲੀ ਗੱਲ ਹੈ ਕਿਉਂਕਿ ਇਨਸਾਨ ਨੂੰ ਜ਼ਿੰਦਗੀ ਵਾਰ-ਵਾਰ ਨਹੀਂ ਮਿਲਦੀ। ਇਨਸਾਨ ਲਈ ਇਹ ਦੁਨੀਆ ਉਦੋਂ ਤੱਕ ਖ਼ੂਬਸੂਰਤ ਹੈ ਜਦੋਂ ਤੱਕ ਜਿੰਦਾ ਹੈ। ਮੌਤ ਦੇ ਬਾਅਦ ਸਭ ਤੋਂ ਵੱਡਾ ਕਾਰਨ ਮਾਨਸਿਕ ਪਰੇਸ਼ਾਨੀ ਮੰਨਿਆ ਜਾ ਰਿਹਾ ਹੈ।



ਇੰਟਰਨੈਸ਼ਨਲ ਐਸੋਸੀਏਸ਼ਨ ਫਾਰ ਸੁਸਾਈਡ ਪ੍ਰੀਵੈਂਸ਼ਨ ਦੇ ਅਨੁਸਾਰ ਦੁਨੀਆ ਵਿੱਚ ਹਰ ਸਾਲ ਅੱਠ ਲੱਖ ਲੋਕ ਆਪਣੀ ਮਰਜ਼ੀ ਨਾਲ ਮੌਤ ਗਲੇ ਲਾਉਂਦੇ ਅਤੇ ਖੁਦਕੁਸ਼ੀ ਕਰ ਕੇ ਕੁਦਰਤ ਖਿਲਾਫ ਬਗਾਵਤ ਕਰਦੇ ਹਨ ਅਤੇ ਹਰ ਚਾਲੀ ਸੈਕਿੰਡ ਵਿੱਚ ਇੱਕ ਇਨਸਾਨ ਖੁਦਕੁਸ਼ੀ ਕਰ ਰਿਹਾ ਹੈ। ਇੰਝ ਹੀ ਰਿਹਾ ਤਾਂ ਸੰਨ 2020 ਤੱਕ ਖੁਦਕੁਸ਼ੀਆਂ ਨਾਲ ਮਰਨ ਵਾਲਿਆਂ ਦੀ ਗਿਣਤੀ 15 ਲੱਖ ਸਾਲਾਨਾ ਹੋ ਸਕਦੀ ਹੈ। ਇਸ ਸਰਵੇ ਅਨੁਸਾਰ ਇੱਕ ਔਰਤ ਦੇ ਮੁਕਾਬਲੇ ਤਿੰਨ ਮਰਦ ਖੁਦਕੁਸ਼ੀ ਕਰ ਰਹੇ ਹਨ ਤੇ ਖੁਦਕੁਸ਼ੀ ਕਰਨ ਵਾਲੇ ਇਨਸਾਨ ਦੀ ਉਮਰ ਵਧੇਰੇ 15 ਤੋਂ 24 ਸਾਲ ਆਮ ਦੇਖੀ ਜਾ ਰਹੀ ਹੈ। ਖੁਦਕੁਸ਼ੀ ਦਾ ਅੰਕੜਾ ਦੁਨੀਆ ਵਿੱਚ ਸਭ ਤੋਂ ਵੱਧ ਏਸ਼ੀਆ ਅਤੇ ਪੂਰਬੀ ਯੂਰਪ ਵਿੱਚ ਹੈ। ਯੂਰਪੀ ਦੇਸ਼ ਲਿਥੂਏਨੀਆ ਅਤੇ ਦੱਖਣੀ ਕੋਰੀਆ ਵਿੱਚ ਖੁਦਕੁਸ਼ੀ ਦਰ ਸਭ ਤੋਂ ਵੱਧ ਮੰਨੀ ਜਾਂਦੀ ਹੈ।

ਇਟਲੀ ਵਿੱਚ ਬੀਤੇ ਸਾਲ ਤੀਹ ਸਾਲ ਤੋਂ ਘੱਟ ਉਮਰ ਦੇ 350 ਲੋਕਾਂ ਵੱਲੋਂ ਖੁਦਕੁਸ਼ੀ ਕੀਤੀ ਗਈ ਹੈ। ਦੁਨੀਆ ਵਿੱਚ ਖੁਦਕੁਸ਼ੀਆਂ ਰੋਕਣ ਲਈ ਇੰਟਰਨੈਸ਼ਨਲ ਐਸੋਸੀਏਸ਼ਨ ਫਾਰ ਸੁਸਾਈਡ ਪ੍ਰੀਵੈਂਸ਼ਨ ਨੇ ਵਿਸ਼ਵ ਖੁਦਕੁਸ਼ੀ ਰੋਕਥਾਮ ਦਿਵਸ ਹੇਠ 10 ਸਤੰਬਰ 2003 ਤੋਂ ਦੁਨੀਆ ਵਿੱਚ ਚਲਾਈ ਹੈ, ਜਿਸ ਅਧੀਨ ਦੁਨੀਆ ਦੇ ਚਾਲੀ ਦੇਸ਼ਾਂ ਵਿੱਚ ਇਸ ਮੁਹਿੰਮ ਹੇਠ ਅਨੇਕਾਂ ਜਾਗਰੂਕਤਾ ਵਾਲੇ ਪ੍ਰੋਗਰਾਮ ਕੀਤੇ ਗਏ ਹਨ। ਇਸ ਕਾਰਜ ਵਿੱਚ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਸੁਸਾਈਡ ਪ੍ਰੀਵੈਂਸ਼ਨ ਨੂੰ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਤੇ ਵਰਲਡ ਫੈਡਰੇਸ਼ਨ ਫਾਰ ਮੈਂਟਲ ਹੈਲਥ ਵੀ ਭਰਪੂਰ ਸਹਿਯੋਗ ਦੇ ਰਹੇ ਹਨ। ਵਿਸ਼ਵ ਖੁਦਕੁਸ਼ੀ ਰੋਕੂ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਰੋਹ 17 ਤੋਂ 18 ਸਤੰਬਰ ਨੂੰ ਰੋਮ ਵਿਖੇ ਸਪੀਏਂਨਸਾ ਯੂਨੀਵਰਸਿਟੀ ਰੋਮ ਵੱਲੋਂ ਕਰਾਇਆ ਜਾ ਰਿਹਾ ਹੈ।

## ਪੰਜਾਬੀ ਮੂਲ ਦਾ ਡਾ. ਰੰਮੀ ਰੇਂਜਰ ਬ੍ਰਿਟੇਨ ਦੇ ਹਾਊਸ ਆਫ ਲਾਰਡ ਦਾ ਮੈਂਬਰ ਬਣਿਆ

ਲੰਡਨ, 11 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਉਘੇ ਕਾਰੋਬਾਰੀ ਡਾ. ਰੰਮੀ ਰੇਂਜਰ ਨੂੰ ਕੰਜ਼ਰਵੇਟਿਵ ਪਾਰਟੀ ਵੱਲੋਂ ਬ੍ਰਿਟੇਨ ਦੀ ਪਾਰਲੀਮੈਂਟ ਦੇ ਉਪਰਲੇ ਸਦਨ ਹਾਊਸ ਆਫ ਲਾਰਡ ਦਾ ਮੈਂਬਰ ਬਣਾਇਆ ਗਿਆ ਹੈ।



ਡਾ. ਰੇਂਜਰ ਦਾ ਜਨਮ ਜੁਲਾਈ 1947 'ਚ ਗੁੱਜਰਾਂਵਾਲਾ (ਪਾਕਿਸਤਾਨ) 'ਚ ਹੋਇਆ, ਜਿਥੋਂ ਵੰਡ ਦੌਰਾਨ ਭਾਰਤ ਵਾਲੇ ਪੰਜਾਬ ਦੇ ਜ਼ਿਲਾ ਪਟਿਆਲਾ ਆ ਕੇ ਰਹਿਣ ਲੱਗੇ ਸਨ। ਓਥੋਂ ਉਨ੍ਹਾਂ ਉਚੇਰੀ ਵਿੱਦਿਆ ਹਾਸਲ ਕੀਤੀ ਅਤੇ ਮਈ 1971 ਵਿਚ ਇੰਗਲੈਂਡ ਆ ਕੇ ਰਹਿਣ ਲੱਗੇ ਅਤੇ ਕਾਨੂੰਨੀ ਵਿੱਦਿਆ ਹਾਸਲ ਕੀਤੀ ਸੀ। ਡਾ. ਰੰਮੀ ਰੇਂਜਰ ਨੇ 1987 'ਚ ਸਿਰਫ ਦੋ ਪੌਂਡ ਨਾਲ ਆਪਣੇ ਘਰ ਦੇ ਪਿਛਵਾੜੇ ਬਣੇ ਸ਼ੈਡ ਤੋਂ ਕਾਰੋਬਾਰ ਸ਼ੁਰੂ ਕੀਤਾ ਤੇ ਅੱਜ ਉਨ੍ਹਾਂ ਦਾ ਕਾਰੋਬਾਰ ਵਿਸ਼ਵ ਦੇ 120 ਦੇਸ਼ਾਂ 'ਚ ਫੈਲਿਆ ਹੋਇਆ ਹੈ। ਕੰਜ਼ਰਵੇਟਿਵ ਪਾਰਟੀ ਨਾਲ ਲੰਮੇ ਸਮੇਂ ਤੋਂ ਜੁੜੇ ਆ ਰਹੇ ਡਾ. ਰੇਂਜਰ ਨੂੰ 2018 'ਚ ਕੰਜ਼ਰਵੇਟਿਵ ਫਰੈਂਡਜ਼ ਆਫ ਇੰਡੀਆ ਦਾ ਜਾਇੰਟ ਚੇਅਰਮੈਨ ਐਮ ਪੀ ਜੈਕ ਗੋਲਡਸਮਿੱਥ ਨਾਲ ਥਾਪਿਆ ਗਿਆ ਸੀ। ਉਹ ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਸਮੇਤ ਕਈ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ ਅਤੇ ਇੰਗਲੈਂਡ ਅਤੇ ਭਾਰਤ ਵਿਚਾਲੇ ਚੰਗੇ ਸਬੰਧਾਂ ਲਈ ਯੋਗਦਾਨ ਪਾਇਆ ਹੈ। ਬ੍ਰਿਟੇਨ ਦੀ ਮਹਾਰਾਣੀ ਵੱਲੋਂ ਉਨ੍ਹਾਂ ਨੂੰ ਐਮ ਬੀ ਈ, ਸੀ ਬੀ ਈ ਦੇ ਖ਼ਿਤਾਬਾਂ ਤੋਂ ਇਲਾਵਾ ਉਨ੍ਹਾਂ ਦੀ ਕੰਪਨੀ ਨੂੰ ਕਈ ਸ਼ਾਹੀ ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ।

ਇਸ ਨਿਯੁਕਤੀ ਬਾਰੇ ਡਾ. ਰੰਮੀ ਰੇਂਜਰ ਨੇ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਭਾਰਤ ਅਤੇ ਬ੍ਰਿਟੇਨ ਵਿਚਕਾਰ ਅਤੇ ਦੋਵਾਂ ਦੇਸ਼ਾਂ ਦੇ ਭਾਈਚਾਰਿਆਂ ਵਿਚਕਾਰ ਪੁਲ ਦਾ ਕੰਮ ਕਰਨਗੇ। ਭਾਰਤੀ ਹਾਈ ਕਮਿਸ਼ਨਰ ਰੁਚੀ ਘਣਸ਼ਿਆਮ ਨੇ ਵਧਾਈ ਦਿੰਦਿਆਂ ਕਿਹਾ ਕਿ ਡਾ. ਰੇਂਜਰ ਤੇ ਭਾਰਤ ਅਤੇ ਇੰਗਲੈਂਡ ਦੋਵੇਂ ਦੇਸ਼ਾਂ ਨੂੰ ਮਾਣ ਹੈ। ਲਾਰਡ ਸਵਰਾਜ ਪਾਲ ਨੇ ਕਿਹਾ ਕਿ ਡਾ. ਰੇਂਜਰ ਦੀ ਯੂ ਕੇ ਵੱਲੋਂ ਵੱਡੀ ਦੇਣ ਹੈ।

## ਬੈਂਕ ਨੇ ਗਲਤੀ ਨਾਲ ਖਾਤੇ ਵਿੱਚ ਸਵਾ ਲੱਖ ਡਾਲਰ ਪਾਏ, ਜੋੜੇ ਨੇ ਇੱਕ ਲੱਖ ਖਰਚ ਲਏ

ਪੈਨਸਿਲਵੇਨੀਆ, 11 ਸਤੰਬਰ (ਪੋਸਟ ਬਿਊਰੋ)- ਬੈਂਕਾਂ ਵਿੱਚ ਗਲਤੀ ਨਾਲ ਦੂਸਰੇ ਦੇ ਖਾਤੇ ਵਿੱਚ ਪੈਸੇ ਪਹੁੰਚਣ ਦੀਆਂ ਘਟਨਾਵਾਂ ਆਮ ਹਨ, ਪਰ ਅਮਰੀਕਾ ਵਿੱਚ ਅਨੋਖਾ ਮਾਮਲਾ ਸਾਹਮਣੇ ਆਇਆ ਹੈ।



